




# ਚੁਣੀਆਂ

ਰਜਵਿੰਦਰ ਕੌਰ

# ਬੁਲੰਦੀਆਂ

## ਰਜਵਿੰਦਰ ਕੌਰ



# ਬੁਲੰਦੀਆਂ


## ਰਜਵਿੰਦਰ ਕੌਰ



ਡਿਜੀਟਲ ਕਲਮਾਂ ਵਾਲੇ

Instagram : kaur_rajwinder104

PDF editor : gurigurpreet498

Published on: 01 March 2025

DIGITALKALMANWALE@GMAIL.COM

WWW.PUNJABILIBRARY.COM



© RAJWINDER KAUR



DIGITAL KALMAN WALE PUBLICATION

digitalkalmanwale@gmail.com

# ਬੁਲੰਦੀਆਂ

## ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ ✨

ਮਾਰਚ ਮਹੀਨਾ  ਹਲਕੀ - ਹਲਕੀ ਠੰਡ, ਕੋਸੀ -  ਕੋਸੀ ਧੁੱਪ ਦਰਖਤਾਂ ਦੀ ਛਾਵੇਂ ਤੇ ਵਿਚ ਵਿਚਾਲੇ ਸੂਰਜ ਦੀਆਂ ਕਿਰਨਾਂ ਚ ਚਮਕਾਂ ਮਾਰਦੀ ਹੋਈ   ਹਾਈਵੇ ਤੇ ਜਾਂਦੀ ਚਿੱਟੀ ਗੱਡੀ ਵਿੱਚ ਬੈਠਿਆਂ ਜਸਪ੍ਰੀਤ  ਨੂੰ ਆਪਣੀ ਤਾਈ ਦੀ ਕਹੀ ਗੱਲ ਚੇਤੇ ਆ ਗਈ ਤੇ ਬਹੁਤ ਸਾਰੇ ਬੀਤੇ ਹੋਏ ਔਖੇ ਵੇਲੇ ਵੀ । ਜਸਪ੍ਰੀਤ ਨਾਨਕੇ ਪਿੰਡ ਰਹਿੰਦਾ ਸੀ ਪਰ ਇਕ ਦੋ ਦਿਨ ਲਈ ਪਿੰਡ ਆਇਆ ਹੋਇਆ ਸੀ ।

12ਵੀਂ ਕਲਾਸ ਦੇ ਪੇਪਰ ਵਾਲੇ ਦਿਨ ਬਸ ਨਾ ਆਈ ਜਸਪ੍ਰੀਤ ਲੇਟ ਹੋ ਗਿਆ ਸੀ ਤਾਂ ਜਸਪ੍ਰੀਤ ਨੇ ਆਪਣੇ ਤਾਏ ਦੇ ਮੁੰਡੇ ਨੂੰ ਕਿਹਾ " ਵੀਰੇ ਮੈਨੂੰ ਮੋਟਰਸਾਈਕਲ ਦੇ ਦੇ ਬੱਸ ਨਹੀਂ ਆਈ ਮੈਂ ਲੇਟ ਹੋ ਗਿਆ ਮੇਰਾ ਅੱਜ ਪੇਪਰ ਆ" ਐਨਾ ਸੁਣ ਤਾਏ ਦੇ ਮੁੰਡੇ ਨੇ ਹਾਂ ਕਰ ਦਿੱਤੀ ਮੋਟਸਾਈਕਲ ਦੇਣ ਲਈ। ਜਿਵੇਂ ਹੀ ਤਾਏ ਦਾ ਮੁੰਡਾ ਆਪਣੀ ਮੰਮੀ ਨੂੰ ਮੋਟਰਸਾਈਕਲ ਦਾ ਪੁੱਛਣ ਕਮਰੇ ਦੇ ਅੰਦਰ ਗਿਆ , ਤਾਂ ਤਾਈ ਗੁੱਸੇ ਤੇ ਹੰਕਾਰ ਜਿਹੇ ਵਿਚ ਬੋਲੀ....!

ਤਾਈ :-  ( ਆਪਣੇ ਮੁੰਡੇ ਨੂੰ ਘੂਰਦੀ ਹੋਈ ) ਲੈ ਕਿਉਂ ਸਾਡੇ ਮੋਟਰਸਾਈਕਲ ਦੇ ਟਾਇਰ ਨਹੀਂ ਘੱਸਦੇ । ਸਾਡੇ ਮੋਟਰਸਾਈਕਲ ਵਾਧੂ ਨੇ ਤੁੜਵਾਉਣ ਲਈ। ਤੂੰ ਕਿਸੇ ਨੂੰ ਵੀ ਮੂੰਹ ਚੁੱਕ ਕੇ ਹਾਂ ਕਰ ਦਿੰਦਾ।

ਤਾਈ ਨੂੰ ਨਹੀਂ ਪਤਾ ਸੀ ਕਿ ਜਸਪ੍ਰੀਤ ਇਹ ਸਭ ਗੱਲਾਂ ਬਾਹਰ ਖੜਾ ਸੁਣ ਰਿਹਾ ਸੀ। ਤਾਈ ਦੀ ਐਨੀ ਕੇ ਗੱਲ ਸੁਣਦਿਆਂ ਹੀ ਜਸਪ੍ਰੀਤ ਓਨੀ ਪੈਰੀਂ ਤਾਏ ਦੇ ਘਰੋਂ ਵਾਪਿਸ ਮੁੜ ਆਇਆ। ਤੇ ਬੱਸ ਅੱਡੇ ਵੱਲ ਨੂੰ ਤੁਰ ਪਿਆ। ਪਰ ਪਿੰਡ ਸ਼ਹਿਰ ਤੋਂ ਹਟਵਾਂ ਹੋਣ ਕਰਕੇ ਬਸ ਵੀ ਟਾਈਮ ਦੀ ਟਾਈਮ ਹੀ ਆਉਂਦੀ। ਤੇ ਆਖਰੀ ਬੱਸ ਵੀ ਨਿਕਲ ਗਈ ਸੀ।

ਬੱਸ ਅੱਡੇ ਤੇ ਨਿਰਾਸ਼ ਜਿਹੇ ਬੈਠੇ ਜਸਪ੍ਰੀਤ ਕੋਲ ਆਣ ਇਕ ਸਕੂਟਰ ਰੁਕਿਆ। ਜਸਪ੍ਰੀਤ ਦੇ ਬਚਪਨ ਦਾ ਦੋਸਤ ਉਹ ਵੀ 12ਵੀਂ ਵਿਚ ਹੀ ਪੜ੍ਹਦਾ ਸੀ। ਪਰ ਉਹ ਪਿੰਡ ਦੇ ਸਕੂਲ ਵਿੱਚ ਸੀ ਤੇ ਜਸਪ੍ਰੀਤ ਆਪਣੇ ਨਾਨਕੇ ਪੜ੍ਹਦਾ ਸੀ । 10ਵੀ ਤੱਕ ਦੋਨੋ ਇਕੱਠੇ ਪੜੇ ਸੀ । ਸਕੂਟਰ ਰੋਕ ਜਸਪ੍ਰੀਤ ਕੋਲ਼ ਆ ਕੇ ਜਸਪ੍ਰੀਤ ਨੂੰ ਪੁੱਛਣ ਲੱਗਾ....!

ਸਾਗਰ :- ਕੀ ਹੋਇਆ ਜੱਸੀ ਤੂੰ ਪੇਪਰ ਪਾਉਣ ਨਹੀਂ ਜਾਣਾ...?

ਜੱਸੀ :- ਜਾਣਾ ਆ ਯਾਰ। ਮੈਂ ਨਾਨਕੇ ਜਾਣਾ ਆ ਅਜੇ ਬੱਸ ਨਹੀਂ ਆਈ।

ਸਾਗਰ :- ਅੱਛਾ ਚੱਲ ਆਜਾ ,ਤੈਨੂੰ ਮੈਂ ਛੱਡ ਕੇ ਆਉਂਦਾ।

ਜੱਸੀ :- ਪਰ ਤੇਰਾ ਵੀ ਤਾਂ ਪੇਪਰ ਆ ਅੱਜ , ਤੂੰ ਵੀ ਤਾਂ ਪੇਪਰ ਦੇਣਾ ਆ।

ਸਾਗਰ :- ਕੋਈ ਨਾ ਯਾਰ ਤੂੰ ਬੈਠ ਪਹਿਲਾਂ ਤੈਨੂੰ ਛੱਡ ਆਉਂਦਾ, ਮੈਂ ਵੀ ਪੇਪਰ ਦੇਣਾ ਆਣਕੇ । ਜੇ ਬੱਸ ਨਾ ਆਈ ਫਿਰ ਤੂੰ ਕੀ ਕਰੇਂਗਾ । ਚੱਲ ਆਜਾ।

ਜੱਸੀ ਉੱਠ ਸਾਗਰ ਦੇ ਨਾਲ ਸਕੂਟਰ ਤੇ ਬੈਠ ਜਾਂਦਾ। ਤੇ ਸਾਗਰ ਜੱਸੀ ਨੂੰ ਛੱਡਣ ਚਲਾ ਗਿਆ। ਜੱਸੀ ਨੂੰ ਨਾਨਕੇ ਪਿੰਡ ਛੱਡ ਸਾਗਰ ਵੀ ਵਾਪਿਸ ਆਪਣੇ ਸਕੂਲ ਪੇਪਰ ਦੇਣ ਚਲਾ ਗਿਆ।
ਆਪਣੇ ਤਾਂ ਓਹੀ ਹੁੰਦੇ ਨੇ ਜੋ ਔਖੇ ਵੇਲੇ ਸਾਥ ਦੇਣ।

ਜਿੱਦਾ ਕਿੱਦਾ ਕਰਕੇ ਵੀ ਜੱਸੀ ਪੇਪਰ ਦੇ ਟਾਈਮ ਤੇ ਸਕੂਲ ਪਹੁੰਚ ਹੀ ਗਿਆ।
ਕਹਿੰਦੇ ਨੇ ਔਖਾ ਸੌਖਾ ਮਾੜਾ ਟਾਈਮ ਬੀਤ ਹੀ ਜਾਂਦਾ ਹੁੰਦਾਂ ਬਸ ਯਾਦ ਰਹਿ ਜਾਂਦੇ ਨੇ ਉਹ ਚਿਹਰੇ ਜੋ ਨਾਲ ਖੜੇ ਹੋਣ, ਜਾਂ ਯਾਦ ਰਹਿ ਜਾਂਦੇ ਨੇ ਉਹ ਆਪਣੇ ਜਿਹੜੇ ਪਾਸੇ ਵੱਟ ਲੈਣ। ਯਾਦ ਰਹਿ ਜਾਂਦੀਆਂ ਨੇ ਕੁਝ ਉਹ ਗੱਲਾਂ ਜਿਹੜੀਆਂ ਮਾੜੇ ਟਾਈਮ ਵਿਚ ਆਪਣਿਆਂ ਨੇ ਸੁਣਾਈਆਂ ਹੋਣ।

ਕੁਝ ਜਖ਼ਮ ਕਦੇ ਭਰਦੇ ਨਹੀਂ ਹੁੰਦੇ, ਸਮਾਂ ਉਹ ਜਖਮਾਂ ਨੂੰ ਕੁਰੇਦਦਾ ਰਹਿੰਦਾ ਤੇ ਜਖ਼ਮ ਹਰੇ ਹੁੰਦੇ ਹੀ ਰਹਿੰਦੇ ਨੇ। ਪਰ ਇਹ ਕੋਈ ਪਹਿਲੀ ਵਾਰ ਨਹੀਂ ਸੀ ਮਾੜਾ ਟਾਈਮ ਜਿਹੜਾ ਜੱਸੀ ਤੇ ਆਇਆ ਸੀ। ਇਸ ਤੋਂ ਪਹਿਲਾਂ ਵੀ ਜੱਸੀ ਨੇ ਹਲਕੀ ਉਮਰੇ ਬੜਾ ਕੁਝ ਹੰਢਾਇਆ ਸੀ।
ਜਦੋਂ ਸੋਚਾਂ ਦੀ ਚਾਲ ਚੱਲਦੀ ਆ ਫਿਰ ਬੰਦੇ ਨੂੰ ਬਹੁਤ ਪਿੱਛੇ ਲੈ ਜਾਂਦੀ ਹੈ। ਜਿਹੜੇ ਖਿਆਲ ਦਰਦ ਦੇਣ ਉਹ ਫਿਰ ਅਕਸਰ ਝੜੀ ਲਾ ਲੈਂਦੇ ਨੇ।

ਤਾਈ ਦੀ ਐਨੀ ਕੇ ਗੱਲ ਨੇ ਜੱਸੀ ਨੂੰ ਸੋਚਾਂ ਦੀ ਭਰੀ ਸੰਦੂਕੜੀ ਦੇ

ਥੱਲੇ ਤੱਕ ਪਹੁੰਚਾ ਦਿੱਤਾ । ਕਿਵੇਂ ਦਾਦੇ ਦੀ ਜਾਇਦਾਦ 10,15 ਮਰਲੇ ਵਿਚੋ ਤਾਈ ਨੇ ਆਪਣੇ ਨਾਮ ਕਰਵਾ ਲਏ ਤੇ ਜੱਸੀ ਦੇ ਹੋਣਾ ਨੂੰ 3 ਮਰਲੇ ਹਿੱਸੇ ਆਏ ਜਿਸ ਦੇ ਨਾਲ - ਨਾਲ ਦਾਦੀ - ਦਾਦਾ ਵੀ ਜੱਸੀ ਹੋਣਾ ਦੇ ਹਿੱਸੇ ਆਏ।

ਮਰਲੇ ਘੱਟ - ਵੱਧ ਦਾ ਦੁੱਖ ਘੱਟ ਸੀ ਜੱਸੀ ਹੋਣਾ ਨੂੰ ਪਰ ਆਪਣੇ ਦਾਦੇ - ਦਾਦੀ ਨੂੰ ਆਪਣੇ ਹਿੱਸੇ ਆਏ ਦੇਖ ਬਹੁਤ ਖੁਸ਼ ਸੀ। ਕਿਉਂ ਕੇ ਉਹਨਾਂ ਨੂੰ ਪਿਆਰ ਹੀ ਬਹੁਤ ਸੀ ਆਪਣੇ ਦਾਦੇ - ਦਾਦੀ ਨਾਲ ।

ਉਹਨਾਂ ਦੇ ਦਾਦਾ - ਦਾਦੀ ਵੀ ਬਹੁਤ ਪਿਆਰ ਕਰਦੇ ਸੀ । ਪਰ ਤਿੰਨ ਮਰਲੇ ਵਿਚ ਇਕ ਕਮਰੇ ਵਿਚ ਰਹਿਣਾ ਜੱਸੀ ,ਜੱਸੀ ਦੇ ਮਾਂ ਪਿਓ, ਜੱਸੀ ਦਾ ਛੋਟਾ ਭਰਾ ਫਿਰ ਦਾਦਾ ਦਾਦੀ ਕਾਫੀ ਔਖਾ ਸੀ ਉਹ ਵੀ ਕੱਚਾ ਜਿਹਾ ਸੀ।
ਉਪਰ ਦੀ ਕਮਾਈ ਦਾ ਵੀ ਕੋਈ ਖਾਸ ਸਾਧਨ ਨਹੀਂ ਸੀ। ਡੈਡੀ ਇੱਟਾਂ ਵਾਲੇ ਭੱਠੇ ਤੇ ਕੰਮ ਕਰਦਾ ਸੀ। ਦੋ ਬੱਚੇ ਫਿਰ ਉਹਨਾਂ ਦੀ ਪੜਾਈ ਦਾ ਖ਼ਰਚਾ। ਕੁਝ ਕਰਜ਼ਾ ਵੀ ਸਿਰ ਸੀ ਜਦੋਂ ਸਾਰੇ ਚਾਚੇ ਤਾਏ ਇਕੱਠੇ ਰਹਿੰਦੇ ਸੀ। ਪਰ ਹਿੱਸੇ ਸਭ ਜੱਸੀ ਦੇ ਡੈਡੀ ਦੇ ਹੀ ਆਇਆ।

ਫਿਰ ਜੱਸੀ ਦੀ ਮੰਮੀ ਨੇ ਪਸ਼ੂ ਰੱਖਣੇ ਸ਼ੁਰੂ ਕਰ ਦਿੱਤੇ,ਹੁਣ 5 ਜੀਅ ਖਾਣ ਵਾਲੇ ਤੇ ਬੱਚੇ ਪੜ੍ਹਨ ਵਾਲੇ ਇਕੱਲੇ ਬੰਦੇ ਦੇ ਭੱਠੇ ਤੇ ਕੰਮ

ਕਰਨ ਵਾਲੀ ਕਮਾਈ ਨਾਲ ਕਿੰਨਾ ਕੇ ਗੁਜ਼ਾਰਾ ਹੋਣਾ ਸੀ। ਨਾਲ ਥੋੜੀ ਮਦਦ ਕਰਨ ਲਈ ਜੱਸੀ ਦੀ ਮੰਮੀ ਵੀ ਜੀ ਜਾਨ ਲਗਾ ਕੇ ਮਿਹਨਤ ਕਰਨ ਲੱਗੀ।

ਹਰ ਮਾਂ ਬਾਪ ਆਪਣੇ ਬੱਚੇ ਦੀ ਜ਼ਿੰਦਗੀ ਬਣਾਉਣ ਲਈ ਜੀ ਤੋੜ ਮਿਹਨਤ ਕਰਦੇ ਨੇ । ਖੁਦ ਦੇ ਚਾਅ ਅਰਮਾਨ,ਸੁਪਨੇ ਮਾਰ ਕੇ,ਇਥੋਂ ਤੱਕ ਕੇ ਖੁਦ ਲਈ ਜੀਣਾ ਵੀ ਭੁੱਲ ਕੇ ਆਪਣੇ ਬੱਚੇ ਨੂੰ ਵਧੀਆ ਜ਼ਿੰਦਗੀ ਦੇਣ ਦੀ ਪੂਰੀ ਕੋਸ਼ਿਸ਼ ਕਰਦੇ ਨੇ। ਸ਼ਾਇਦ ਇਹੀ ਕੋਸ਼ਿਸ਼ ਜੱਸੀ ਦੇ ਮਾਂ ਪਿਓ ਵੀ ਕਰਨ ਲੱਗੇ।

✿✿✿✿✿✿

# ਭਾਗ 2

12ਵੀਂ ਜਮਾਤ ਦੇ ਨਤੀਜੇ ਆ ਗਏ, ਜੱਸੀ ਵਧੀਆ ਨੰਬਰਾਂ ਨਾਲ ਪਾਸ ਵੀ ਹੋ ਗਿਆ। ਪਿੰਡਾਂ ਦੇ ਆਮ ਜਿਹੇ ਘਰਾਂ ਦੇ ਬੱਚਿਆਂ ਨੂੰ ਪਤਾ ਹੀ ਨਹੀਂ ਹੁੰਦਾਂ ਵੀ 12ਵੀਂ ਤੋਂ ਬਾਅਦ ਅੱਗੇ ਕੀ ਪੜ੍ਹਨਾ, ਕੀ ਕੋਰਸ ਕਰਨਾ, ਨਾ ਹੀ ਕੋਈ ਗਾਇਡ ਕਰਨ ਵਾਲਾ ਹੁੰਦਾਂ , ਜੇਕਰ ਹੋਵੇ ਵੀ ਕੋਈ ਤਾਂ ਸਲਾਹ ਦੇ ਕੇ ਰਾਜ਼ੀ ਨਹੀਂ ਹੁੰਦਾ । ਕੋਈ ਨਹੀਂ ਚਾਹੁੰਦਾਂ ਹੁੰਦਾ ਸਾਡੇ ਨਾਲੋ ਜਾਂ ਸਾਡੇ ਬੱਚੇ ਨਾਲੋ ਕੋਈ ਅੱਗੇ ਨਿਕਲੇ,ਕੋਈ ਵਧੀਆ ਮੁਕਾਮ ਹਾਸਿਲ ਕਰੇ। ਇਹ ਸਿਰਫ਼ ਮਾਂ - ਪਿਓ ਹੀ ਹੁੰਦੇ ਨੇ ਜਿਹੜੇ ਆਪਣੇ ਬੱਚੇ ਨੂੰ ਦੁਨੀਆਂ ਦੇ ਸਭ ਕੁਝ ਤੋਂ ਉੱਚੇ ਮੁਕਾਮ ਤੇ ਦੇਖਣਾ ਚਾਹੁੰਦੇ ਹੁੰਦੇ ਨੇ।

ਦੋ ਹੀ ਰਸਤੇ ਸੀ ਜੱਸੀ ਕੋਲ ਜਾਂ ਤਾਂ ਵਧੀਆ ਪੜ੍ਹ ਲਿਖ ਕੇ ਕਿਸੇ ਨੌਕਰੀ ਤੇ ਲੱਗ ਜਾਂਦਾ,ਜਾਂ ਫਿਰ ਆਪਣੇ ਡੈਡੀ ਵਾਂਗ ਘਰ ਚਲਾਉਣ ਲਈ ਦਿਹਾੜੀ ਕਰ ਲੈਂਦਾ। ਬਚਪਨ ਤੋਂ ਹੁਣ ਤੱਕ ਜੱਸੀ ਨੇ ਸਭ ਦੇਖਿਆ ਤੇ ਹੰਢਾਇਆ ਸੀ ਖੁਦ ਤੇ ਉਹਨਾਂ ਗਰੀਬੀ ਭਰੇ ਦਿਨਾਂ ਨੂੰ ।

ਜਦੋਂ ਅਮੀਰ ਲੋਕ ਮੀਂਹ ਉਡੀਕਦੇ ਮੌਸਮ ਠੰਡਾ ਤੇ ਸੁਹਾਨਾ ਕਹਿ ਕੇ, ਉਦੋਂ ਗਰੀਬ ਨੂੰ ਆਪਣੇ ਕੱਚੇ ਕੋਠੇ ਦੀ ਫ਼ਿਕਰ ਪੈ ਜਾਂਦੀ ਕਿਤੇ ਮੀਂਹ ਤੇਜ਼ ਆਉਣ ਨਾਲ ਚੋਣ ਨਾ ਲੱਗ ਪਵੇ। ਇਹੋ ਜਿਹੇ ਹੀ ਹਾਲਾਤ ਕੁਝ

ਜਸਪ੍ਰੀਤ ਦੇ ਘਰਦੇ ਵੀ ਸੀ । ਕੱਚਾ ਮਕਾਨ ਜਿਹੜਾ ਮੀਂਹ ਆਉਣ ਨਾਲ ਚੋਣ ਲੱਗ ਜਾਂਦਾ ਸੀ ਤੇ ਸਾਰਾ ਕਮਰਾ ਪਾਣੀ ਨਾਲ ਭਰ ਜਾਂਦਾ ਸੀ। ਮੀਂਹ ਹਟੇ ਤੇ ਬਾਲਟੀਆਂ ਨਾਲ ਪਾਣੀ ਕਮਰੇ ਤੇ ਵਿਹੜੇ ਦੇ ਵਿਚੋ ਬਾਹਰ ਕੱਢਣਾ ਪੈਂਦਾ ਸੀ।

ਸਭ ਦਿਨ ਯਾਦ ਸੀ ਜੱਸੀ ਨੂੰ ਕਿਵੇਂ ਉਹ ਆਪਣੀ ਮੰਮੀ ਨਾਲ ਛਿੱਟੇ (ਕਣਕ ਦੀਆਂ ਬੱਲੀਆਂ ) ਚੁਗਣ ਜਾਇਆ ਕਰਦਾ ਸੀ। ਕਿਵੇਂ ਮੱਝਾਂ ਸੰਭਾਲਦਾ ਸੀ । ਕੁਝ ਸ਼ਰੀਕੇ ਵਾਲਿਆਂ ਦੇ ਤਾਹਨੇ ਮਿਹਣੇ, ਦਿਲ ਚੀਰਮੀਆਂ ਗੱਲਾਂ ਸਭ ਯਾਦ ਸੀ। ਤਾਈ ਦੇ ਮਿਹਣੇ, ਚਾਚੀ ਦੀਆਂ ਲਾ ਲਾ ਕੇ ਕੀਤੀਆਂ ਗੱਲਾਂ।

ਜਦੋਂ ਜੱਸੀ ਨੂੰ ਸਕੂਲ ਪੜ੍ਹਨੇ ਪਾਇਆ ਗਿਆ ਜੱਸੀ ਦਾ ਪਹਿਲਾਂ ਦਿਨ ਸੀ ਸਕੂਲ ਦਾ, ਤੇ ਜੱਸੀ ਦੀ ਮੰਮੀ ਸਕੂਲ ਵਾਲੀ ਬੱਸ ਉਡੀਕ ਰਹੀ ਸੀ ਗਲੀ ਵਿਚ ਖੜੀ । ਤਾਂ ਜੱਸੀ ਦੀ ਤਾਈ ਨੇ ਕਿਹਾ ਸੀ ," ਭਾਵੇਂ ਸਰਕਾਰੀ ਸਕੂਲ ਚ ਪੜਾਓ ਭਾਵੇਂ ਪ੍ਰਾਈਵੇਟ ਸਕੂਲ ਚ, ਭਾਵੇਂ ਘੱਟ ਪੜਾ ਲਓ,ਭਾਵੇਂ ਬਹੁਤਾ, ਕਰਨਾ ਤਾਂ ਇਹਨੇ ਵੀ ਭੱਠੇ ਤੇ ਹੀ ਕੰਮ ਆ " ਇਹ ਗੱਲ ਸਿਰਫ ਉਹ ਮਾਂ ਜਾਣਦੀ ਸੀ ਕਿਵੇਂ ਉਸ ਨੇ ਜਰੀ ਹਉ। ਆਪਣੀ ਜਵਾਨੀ ਗ਼ਰੀਬੀ ਵਿਚ ਕੱਟਣ ਲਈ ਮਜਬੂਰ ਸੀ ਸਿਰਫ ਆਪਣੇ ਬੱਚਿਆਂ ਦੀ ਖਾਤਿਰ। ਇਸ ਆਸ ਤੇ ਹੀ ਕੇ ਇਕ ਦਿਨ ਸਭ ਸਹੀ ਹੋ ਜਾਣਾ । ਦੁੱਖਾਂ ਦੇ ਬੱਦਲ ਹੱਟਣਗੇ ਤੇ ਸੁੱਖਾਂ ਦਾ ਅਸਮਾਨ ਸਾਫ ਹੋ ਜਾਵੇਗਾ।

ਉਸ ਦਿਨ ਜੱਸੀ ਦੀ ਮੰਮੀ ਨੇ ਵੀ ਇਹ ਗੱਲ ਸੋਚ ਲਈ ਸੀ ਕੇ ਆਪਣੇ ਮੁੰਡੇ ਨੂੰ ਭੱਠੇ ਤੇ ਤਾਂ ਨਹੀਂ ਕੰਮ ਕਰਨ ਦਿੰਦੀ । ਪੜ੍ਹਾ ਲਿਖਾ ਕੇ ਕਾਬਿਲ ਹੀ ਬਣਾਉ। ਜੱਸੀ ਦੀ ਮੰਮੀ ਤੇ ਵੀ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਗੱਲ ਦਾ ਅਸਰ ਹੋ ਗਿਆ ਸੀ," ਰੋਟੀ ਭਾਵੇਂ ਅੱਧੀ ਖਾਓ, ਪਰ ਆਪਣੇ ਬੱਚੇ ਨੂੰ ਪੜਾਓ ਜਰੂਰ"।

ਇਹੀ ਗੱਲ ਜੱਸੀ ਦੀ ਮੰਮੀ ਨੇ ਸੋਚ ਲਈ ,ਰੋਟੀ ਇਕ ਵੇਲੇ ਘੱਟ ਖਾ ਲਵਾਂਗੇ ਪਰ ਆਪਣੇ ਬੱਚੇ ਪੜ੍ਹਾ ਲਿਖਾ ਕੇ ਸੈੱਟ ਕਰਨੇ ਨੇ ਜ਼ਿੰਦਗੀ ਵਿਚ, ਔਖੇ ਸੌਖੇ ਗਰੀਬੀ ਵਿਚ ਜੱਸੀ ਨੂੰ 12ਵੀਂ ਤਾਂ ਕਰਵਾ ਲਈ। ਪਰ ਅਸਲੀ ਸੰਘਰਸ਼ ਤਾਂ ਹੁਣ ਸ਼ੁਰੂ ਹੋਣਾ ਸੀ, ਵੱਡੀ ਪੜ੍ਹਾਈ, ਵੱਡੇ ਕਾਲਜ, ਵੱਡੀਆਂ ਫੀਸਾਂ । ਮਹਿੰਗੇ ਮੁੱਲ ਦੀਆਂ ਕਿਤਾਬਾਂ । ਤੇ ਕਮਾਉਣ ਵਾਲਾ ਬਸ ਇਕ ਜਾਣਾ,ਕਿਵੇਂ ਨਿਕਲਣਾ ਸੀ ਐਨਾ ਖ਼ਰਚਾ ਪੜਾਈ ਦਾ।

ਮਸਲਾ ਇਹ ਸੀ ਅੱਗੇ ਪੜਾਈ ਕੀਤੀ ਕਿਹੜੀ ਜਾਵੇ ਜਿਸ ਨਾਲ ਜ਼ਿੰਦਗੀ ਵੀ ਸਹੀ ਹੋ ਜਾਵੇ, ਗਰੀਬੀ ਵੀ ਚੱਕੀ ਜਾਵੇ, ਡੈਡੀ ਦੀ ਵੀ ਜਾਨ ਥੋੜੀ ਸੌਖੀ ਹੋ ਜਾਵੇ ਤੇ ਸ਼ਰੀਕਾਂ ਨੂੰ ਵੀ ਜਵਾਬ ਮਿਲ ਜਾਵੇ, ਤੇ ਇਕ ਮਾਂ ਦੇ ਕਲੇਜੇ ਨੂੰ ਵੀ ਠੰਡ ਪੈ ਜਾਵੇ, ਜਿਸ ਨੇ ਐਨਾ ਕੁਝ ਸੁਣ ਕੇ, ਐਨਾ ਕੁਝ ਜ਼ਰ ਕੇ ਸਭ ਕੁਝ ਰੱਬ ਤੇ ਛੱਡ ਰੱਖਿਆ ਸੀ।

ਜੱਸੀ ਨੇ ਮੰਨ ਬਣਾ ਲਿਆ ਸੀ ਪੜ੍ਹਾਈ ਉਹ ਕਰਨੀ ਜਿਹੜੀ

ਸ਼ਰੀਕੇ ਜਾਂ ਪਿੰਡ ਵਿੱਚੋ ਕਿਸੇ ਨੇ ਨਾ ਕੀਤੀ ਹੋਵੇ, ਆਹੁਦਾ ਉਹ ਲੈਣਾ ਜਿਹੜਾ ਪਿੰਡ ਜਾਂ ਸ਼ਰੀਕੇ ਚੋ ਕਿਸੇ ਨੂੰ ਨਾ ਹਾਸਿਲ ਹੋਇਆ ਹੋਵੇ। ਮਾੜਾ ਮੋਟਾ ਪਤਾ ਕਰਨ ਤੇ ਜੱਸੀ ਨੂੰ ਇਹੀ ਪਤਾ ਲੱਗਾ ਵੀ law ਦੀ ਪੜਾਈ ਬਹੁਤ ਔਖੀ ਹੁੰਦੀ । ਬਸ ਫਿਰ ਜੱਸੀ ਤੇ ਜੱਸੀ ਦੇ ਇਕ ਦੋਸਤ ਨੇ law ਦੀ ਪੜਾਈ ਕਰਨ ਦਾ ਸੋਚ ਲਿਆ।

✿✿✿✿✿✿

# ਭਾਗ 3

ਸਭ ਤੋਂ ਔਖੀ ਪੜ੍ਹਾਈ ਸੁਣਦਿਆਂ ਹੀ ਜੱਸੀ ਨੇ ਤੇ ਜੱਸੀ ਦੇ ਦੋਸਤ ਨੇ ਸੋਚ ਲਿਆ ਪੜ੍ਹਾਈ ਤਾਂ ਬਸ ਹੁਣ law ਦੀ ਹੀ ਕਰਨੀ ਆ । ਜਿਸ ਨੇ law ਦੀ ਪੜ੍ਹਾਈ ਬਾਰੇ ਦੱਸਿਆ ਸੀ , ਉਸ ਨੂੰ ਹੀ ਜੱਸੀ ਤੇ ਜੱਸੀ ਦੇ ਦੋਸਤ ਨੇ ਪੁੱਛਿਆ , ਕਿ ਇਹ law ਦੀ ਪੜਾਈ ਹੁੰਦੀ ਕਿੱਥੇ ਆ...? ਇਨਾ ਪੁੱਛਣ ਤੇ ਉਸ ਬੰਦੇ ਨੇ ਜੱਸੀ ਹੋਣਾ ਨੂੰ ਦੱਸਿਆ ਕਿ ਇਹ ਪੜ੍ਹਾਈ ਚੰਡੀਗੜ੍ਹ ਦੇ ਕਾਲਜ ਚ ਹੁੰਦੀ ਆ।

ਬਸ ਫਿਰ ਦੋਨੋ ਬੱਸ ਫੜ ਚੰਡੀਗੜ੍ਹ ਪਹੁੰਚ ਗਏ। ਹਾਲਾਂਕਿ ਕਿ ਦੋਵਾਂ ਨੂੰ ਕੁਝ ਪਤਾ ਨਹੀਂ ਸੀ ਕਿੱਥੇ ਜਾਣਾ, ਕੀ ਗੱਲ ਕਰਨੀ ਕਾਲਜ ਚ ਜਾ ਕੇ । ਕਾਲਜ ਪਹੁੰਚ ਦੋਵੇ ਜਾਣੇ law ਡਿਪਾਰਟਮੈਂਟ ਕੋਲ ਗਏ ਤੇ ਉਹਨਾਂ ਨੂੰ ਕਿਹਾ ਅਸੀਂ law ਵਿੱਚ admission ਲੈਣੀ। ਸਾਨੂੰ law ਵਿੱਚ admission ਦਿਓ। law ਡਿਪਾਰਟਮੈਂਟ ਵਾਲਿਆਂ ਨੇ ਵੀ ਅੱਗੋਂ ਜੱਸੀ ਤੇ ਜੱਸੀ ਦੇ ਦੋਸਤ ਨੂੰ ਕਿਹਾ ," ਨੱਠ ਜਾਓ ਐਦਾ ਨਹੀਂ ਮਿਲਦੀ ਹੁੰਦੀ law ਚ admission "

ਫਿਰ ਕਿਵੇਂ ਮਿਲਦੀ ਹੈ law ਚ admission ਜੱਸੀ ਨੇ ਪੁੱਛਿਆ...? ਤਾਂ law department ਵਾਲਿਆ ਨੇ ਕਿਹਾ ਵੀ ਉਦਾ ਹੀ admissiona ਨਹੀਂ ਮਿਲਦੀਆਂ, ਪਹਿਲਾਂ ਫਾਰਮ ਭਰਨੇ ਪੈਂਦਾ, candidate ਬਣਨੇ ਪੈਦਾਂ, ਰੋਲ ਨੰਬਰ ਮਿਲਦਾ, ਟੈਸਟ ਕਲੀਅਰ

ਕਰਨੇ ਪੈਂਦਾ entrance exam ਦਾ, ਫਿਰ ਜਾ ਕੇ ਮਿਲ਼ਦੀ ਆ law ਚ admission ।

ਜੱਸੀ ਤੇ ਜੱਸੀ ਦੇ ਦੋਸਤ ਨੇ ਇੱਕ ਦੋ ਦਿਨਾਂ ਵਿੱਚ entrance exam ਬਾਰੇ ਕੁਝ ਟੀਚਰ ਕੁਝ ਜਿਆਦਾ ਪੜੇ ਲਿਖੇ ਲੋਕਾਂ ਕੋਲੋਂ ਜਾਣਕਾਰੀ ਲਈ। ਫਿਰ ਦੋਵਾਂ ਨੂੰ ਕਿਸੇ ਨੇ ਦੱਸਿਆ ਇਸ ਪੇਪਰ ਲਈ ਟ੍ਰੇਨਿੰਗ ਲੈਣੀ ਪੈਂਦੀ ਆ ਕੋਚਿੰਗ ਲੈਣੀ ਪੈਂਦੀ ਆ। ਜਿਸ ਦੀ ਫੀਸ ਲੱਖਾਂ ਰੁਪਏ ਵਿੱਚ ਹੁੰਦੀ ਹੈ। ਕੋਈ ਲੱਖ ਫੀਸ ਲੈਂਦਾ ਕੋਈ ਦੋ ਲੱਖ। ਐਨੀ ਫੀਸ ਇਕੱਠੀ ਕਰਨੀ ਦੋਨਾਂ ਲਈ ਔਖੀ ਸੀ । ਪਰ ਹੁਣ ਮੰਨ ਵੀ ਬਣਾ ਲਿਆ ਸੀ ਕੁਝ ਵੱਡਾ ਹੀ ਕਰਨਾ, ਉਹ ਪੜਾਈ ਜਿਹੜੀ ਕਿਸੇ ਨੇ ਕੀਤੀ ਹੀ ਨਹੀਂ ਸੀ ਰਿਸ਼ਤੇਦਾਰੀ ਤੇ ਸ਼ਰੀਕੇ ਵਿਚੋ। ਜਿਸ ਬਾਰੇ ਕਿਸੇ ਨੂੰ ਕੁਝ ਜਾਣਕਾਰੀ ਹੀ ਨਹੀਂ ਸੀ।

ਚਲੋ ਥੋੜੇ ਬਹੁਤੇ ਹੋਰ ਪੜੇ ਲਿਖੇ ਬੰਦਿਆਂ ਕੋਲੋਂ ਜਾਣਕਾਰੀ ਲੈ ਕੇ ਦੋਵਾਂ ਨੇ ਬੁੱਕ ਸ਼ੌਪ ਤੋਂ ਗੈਸ ਪੇਪਰ ਕਿਤਾਬਾਂ ਲੈ ਕੇ entrance exam ਦੀ ਤਿਆਰੀ ਕੀਤੀ। 15,20 ਦਿਨ ਬਹੁਤ ਮਿਹਨਤ ਕੀਤੀ entrance exam ਦੀ ਤਿਆਰੀ ਲਈ । 20 ਕੇ ਦਿਨ ਬਾਅਦ ਪੇਪਰ ਹੋਇਆ। ਪੇਪਰ ਦੇਣ ਤੋਂ ਬਾਅਦ ਪੇਪਰ ਦਾ ਰਿਜਲਟ ਡੇਢ ਦੋ ਮਹੀਨੇ ਬਾਅਦ ਆਉਣਾ ਸੀ । ਡੇਢ ਦੋ ਮਹੀਨੇ ਜੱਸੀ ਵਿਹਲਾ ਸੀ। ਉਨਾ ਟਾਈਮ ਜੱਸੀ ਨੇ ਪ੍ਰਿੰਟਿੰਗ ਪ੍ਰੈਸ ਵਿੱਚ ਕੰਮ ਲੱਭ ਲਿਆ।

ਥੋੜੇ ਟਾਈਮ ਬਾਅਦ entrance exam ਦਾ ਰਿਜਲਟ ਆ

ਗਿਆ ਤੇ ਜੱਸੀ ਦੀ ਦਿਨ ਰਾਤ ਕੀਤੀ ਮਿਹਨਤ ਰੰਗ ਲਿਆਈ। ਜੱਸੀ exam ਚੋ ਪਾਸ ਹੋ ਗਿਆ। ਜੱਸੀ ਨੂੰ law collage ਵਿਚ admission ਮਿਲ ਗਈ।

ਜਸਪ੍ਰੀਤ ਪਹਿਲੇ ਦਿਨ ਹੀ collage ਸਕੂਲ ਟਾਈਮ ਦੇ ਹਿਸਾਬ ਨਾਲ ਚਲਾ ਗਿਆ। ਜਿਵੇਂ ਉਹ ਗਿਆਰਵੀਂ ਬਾਰਵੀਂ ਕਲਾਸ ਚ ਜਾਇਆ ਕਰਦਾ ਸੀ। collage ਦੇ ਗੇਟ ਬੰਦ ਦੇਖ ਕੇ ਜਸਪ੍ਰੀਤ ਨੂੰ ਲੱਗਿਆ ਸ਼ਾਇਦ ਉਹ ਲੇਟ ਹੋ ਗਿਆ ਹੁਣ ਉਸਦੀ collage ਵਿਚ ਐਂਟਰੀ ਨਹੀਂ ਹੋਣੀ । ਜਿਵੇਂ ਸਕੂਲ ਟਾਈਮ ਵਿੱਚ ਸਕੂਲ ਦੇ ਗੇਟ ਬੰਦ ਹੋ ਜਾਇਆ ਕਰਦੇ ਸੀ ਲੇਟ ਹੋਣ ਤੇ।

ਜਸਪ੍ਰੀਤ ਨੇ ਗੇਟ ਟੱਪ ਕੇ ਕਾਲਜ ਦੇ ਅੰਦਰ ਜਾਣ ਦਾ ਸੋਚਿਆ , ਜਿਵੇਂ ਹੀ ਜਸਪ੍ਰੀਤ ਗੇਟ ਦੇ ਉੱਪਰ ਚੜ੍ਹਿਆ , ਤਾਂ ਕਾਲਜ ਦੇ ਸਿਕਿਉਰਟੀ ਗਾਰਡ ਨੇ ਜਸਪ੍ਰੀਤ ਨੂੰ ਜ਼ੋਰ ਨਾਲ ਆਵਾਜ਼ ਲਗਾਈ, " ਉਤਰ ਉੱਤਰ ਥੱਲੇ ਕਿੱਥੇ ਚੱਲਿਆ ਤੂੰ ??? ਜਸਪ੍ਰੀਤ ਨੇ ਫਟਾਫਟ ਗੇਟ ਤੋਂ ਥੱਲੇ ਉਤਰ ਕੇ ਸਿਕਿਉਰਟੀ ਗਾਰਡ ਨੂੰ ਦੱਸਿਆ ਕਿ ਮੈਂ ਕਾਲਜ ਜਾਣਾ, ਮੈਂ ਲੇਟ ਹੋ ਗਿਆ ਤੇ ਗੇਟ ਬੰਦ ਹੋ ਗਏ। ਸਿਕਿਉਰਟੀ ਗਾਰਡ ਨੇ ਦੱਸਿਆ ਇਹ ਕਾਲਜ ਦੇ ਬੈਕਸਾਈਡ ਵਾਲਾ ਗੇਟ ਆ, ਮੇਨ ਗੇਟ ਵੱਲ ਦੀ ਜਾਓ ਇਹ ਕਿਹੜਾ ਸਕੂਲ ਹੈ ਗੇਟ ਬੰਦ ਹੋ ਜਾਣਗੇ। collage ਦੇ ਦੋ ਤਿੰਨ ਗੇਟ ਨੇ।

ਗਰੀਬੀ ਚੋਂ ਉੱਠ ਕੇ ਇੱਕ ਆਮ ਜਿਹੇ ਘਰਾਂ ਵਿੱਚੋ ਆਮ ਜਿਹੇ ਪਿੰਡਾਂ

ਵਿੱਚੋਂ, ਆਮ ਜਿਹੀ ਜ਼ਿੰਦਗੀ ਚੋ, ਹਾਈਫਾਈ ਲੋਕਾਂ ਵਿੱਚ, ਅਮੀਰਾਂ ਵਿਚ , ਚੰਡੀਗੜ੍ਹ ਵਿੱਚ ਜਾਣਾ, ਜਿਸ ਬਾਰੇ ਜੱਸੀ ਨੂੰ ਕੁਝ ਵੀ ਨਹੀਂ ਪਤਾ ਸੀ। ਉੱਥੋਂ ਦਾ ਰਹਿਣ ਸਹਿਣ, ਤੌਰ ਤਰੀਕੇ । ਸਭ ਕੁਝ ਨਵਾਂ ਸੀ ਜੱਸੀ ਲਈ।

✿✿✿✿✿✿

# ਭਾਗ 4

ਸਕਿਉਰਟੀ ਗਾਰਡ ਦੇ ਸਹੀ ਗੇਟ ਦੱਸਣ ਤੇ, ਜੱਸੀਂ ਮੇਨ ਗੇਟ ਵੱਲ ਦੀ ਕਾਲਜ ਦੇ ਅੰਦਰ ਚਲਾ ਗਿਆ। ਨਾਲ ਵਾਲੇ ਦੋਸਤ ਦਾ entrance exam ਕਲੀਅਰ ਨਾ ਹੋਣ ਕਰਕੇ ਜੱਸੀ ਇੱਕਲਾ ਰਹਿ ਗਿਆ। ਨਵੀਂ ਦੁਨੀਆਂ , ਬਿਲਕੁਲ ਇਕੱਲਾ, ਅਨਜਾਣ ਲੋਕਾਂ ਵਿੱਚ। ਕਾਲਜ ਦੇ ਵਿਚ ਐਨੇ ਡਿਪਾਰਟਮੇਂਟ , ਕਾਲਜ ਦੇ ਵਿਚ ਦਾਖਲ ਹੁੰਦਿਆਂ ਜੱਸੀ ਨੂੰ ਕੁਝ ਸਮਝ ਨਹੀਂ ਆ ਰਹੀ ਸੀ ਕਿਸ ਸਾਈਡ ਕਿਹੜਾ ਡਿਪਾਰਟਮੇਂਟ ਆ। ਪਹਿਲਾਂ ਦਿਨ ਨਰਵਸ ਹੋਣਾ ਲਾਜ਼ਮੀ ਸੀ। ਜਿੱਥੇ ਬੱਸ ਵੀ ਨਹੀਂ ਆਉਂਦੀ ਇਦਾਂ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਉੱਠ ਕੇ, ਚੰਡੀਗੜ੍ਹ ਦੇ ਵੱਡੇ ਕਾਲਜ ਵਿੱਚ ਪੜ੍ਹਨ ਜਾਣਾ ਜੱਸੀ ਲਈ ਬਹੁਤ ਵੱਡਾ ਚੈਲੇਂਜ ਸੀ। ਜਿੱਥੇ ਨਾ ਕੋਈ ਜਾਣਦਾ ਸੀ ਤੇ ਨਾ ਹੀ ਕੋਈ ਨਾਲ ਦਾ ਸੀ ਇਕ ਦਮ ਇਕੱਲਾ , ਸੂਟ ਬੂਟ ਵਾਲੇ ਪਟਰ - ਪਟਰ ਅੰਗਰੇਜ਼ੀ ਬੋਲਣ ਵਾਲੇ ਲੋਕਾਂ ਵਿਚ।

ਜਿਆਦਾ ਤਰ ਸਟੂਡੈਂਟਸ ਗੱਡੀਆਂ ਵਿਚ ਆ ਰਹੇ ਸੀ, ਸੋਹਣੇ ਸੋਹਣੇ ਸੂਟ ਬੂਟ,ਪੈਂਟ ਸ਼ਰਟ ਕੋਟ ਪਾ ਕੇ । ਅਮੀਰ ਲੋਕਾਂ ਦੀ ਸ਼ਾਨੋ ਸ਼ੌਕਤ ਵਾਲੀ ਦੁਨੀਆਂ ਵਿਚ ਸਿੰਪਲ ਜਿਹੀ ਜੀਨ ਤੇ ਕੋਟਨ ਦੀ ਸ਼ਰਟ ਪਾਈ ਜੱਸੀ ਕਲਾਸ ਰੂਮ ਵਿੱਚ ਜਾ ਵੜਿਆ । ਅਜੀਬ ਜਿਹਾ ਮਾਹੌਲ ਕਲਾਸ ਦਾ, ਅਮੀਰ ਲੋਕਾਂ ਦੇ ਅਮੀਰ ਜਿਹੇ ਬੱਚੇ। ਜਿਨਾਂ ਨਾਲ ਦੋਸਤੀ ਕਰਨੀ ਤਾਂ ਬੜੀ ਦੂਰ ਦੀ ਗੱਲ ਉਹਨਾਂ ਨਾਲ ਐਡਜਸਟ

ਕਰਨਾ ਵੀ ਬੜੀ ਔਖੀ ਗੱਲ ਸੀ ਜੱਸੀ ਲਈ।

ਆਮ ਜਿਹਾ ਦਿਖਣ ਵਾਲਾ ਜੱਸੀ ਜਦੋਂ ਕਲਾਸ ਵਿੱਚ ਗਿਆ ਤਾਂ ਇੱਕ ਬੈਂਚ ਤੇ ਜਾ ਕੇ ਬੈਠ ਗਿਆ ਓਥੇ ਪਹਿਲਾਂ ਹੀ ਇਕ ਮੁੰਡਾ ਬੈਠਾ ਹੋਇਆ ਸੀ। ਬਾਕੀ ਤੇ ਸਭ ਅਮੀਰ ਜਹੇ ਦਿਖ ਰਹੇ ਸੀ , ਉਹ ਮੁੰਡਾ ਥੋੜਾ ਜਿਹਾ ਜੱਸੀ ਨੂੰ ਆਪਣੇ ਵਰਗਾ ਆਮ ਜਿਹੇ ਘਰ ਦਾ ਲੱਗਿਆ । ਉਸ ਮੁੰਡੇ ਨੇ ਜੱਸੀ ਨੂੰ ਪੁੱਛਿਆ " ਨਿਊ ਐਡਮਿਸ਼ਨ "। ਜੱਸੀ ਨੇ ਕਿਹਾ ਹਾਂਜੀ। ਮੁੰਡੇ ਨੇ ਜੱਸੀ ਦਾ ਨਾਮ ਪੁੱਛਿਆ । ਜੱਸੀ ਨੇ ਕਿਹਾ ਜਸਪ੍ਰੀਤ । ਮੁੰਡੇ ਨੇ ਆਪਣਾ ਨਾਮ ਕੁਨਾਲ ਸਿੰਘ ਦੱਸਿਆ।

ਕਲਾਸ ਤੱਕ ਦਾ ਟਾਈਮ ਤਾਂ ਨਿਕਲ ਗਿਆ ਜਿੱਦਾਂ ਕਿੱਦਾਂ ਕਰਕੇ ਵੀ । ਮਸਲਾ ਤਾਂ ਹੁਣ ਅੱਗੇ ਰਾਤ ਕੱਢਣੇ ਦਾ ਸੀ। ਕਿੱਥੇ ਰਹਿਣਾ ਕਿੱਥੇ ਸੌਣਾ, ਖਾਣਾ - ਪੀਣਾ ਜੱਸੀ ਨੂੰ ਕੁਝ ਪਤਾ ਨਹੀਂ ਸੀ । ਜੱਸੀ ਨੇ ਫਿਰ ਕੁਨਾਲ ਕੋਲੋਂ ਪੁੱਛਿਆ ," ਵੀਰੇ ਇਥੇ ਰਹਿਣ ਸਹਿਣ ਦਾ ਕੀ ਹਿਸਾਬ ਕਿਤਾਬ ਹੁੰਦਾ ਕੀ ਸਿਸਟਮ ਹੁੰਦਾ ...???

ਕੁਨਾਲ ਨੇ ਦੱਸਿਆ ਕਿ ਇੱਥੇ ਹੋਸਟਲ ਹੁੰਦੇ ਆ, ਹੋਸਟਲ ਲਈ ਅਪਲਾਈ ਕਰਨਾ ਪੈਂਦਾ ਆ, ਫੀਸ ਦੇਣੀ ਪੈਂਦੀ ਹਤੇ ਤੇ ਓਥੇ ਹੀ ਮੈੱਸ ਦਾ ਖਾਣਾ ਵੀ ਮਿਲਦਾ।

ਫਿਰ ਜੱਸੀ ਨੇ ਹੋਸਟਲ ਲਈ ਅਪਲਾਈ ਕੀਤਾ,ਪਰ ਜੱਸੀ ਨੂੰ ਹੋਸਟਲ ਮਿਲਿਆ ਨਹੀਂ। ਹੋਸਟਲ ਵਾਲੇ ਕਹਿੰਦੇ ਹੁਣ ਹੋਸਟਲ ਖਾਲੀ ਹੈ ਨਹੀਂ, ਤੁਹਾਨੂੰ ਬਾਹਰ ਦੇਖਣਾ ਪੈਣਾ ਆਪਣੇ ਵਾਸਤੇ । ਬਾਹਰੋਂ ਪਤਾ ਕਰਲੋ। ਭੋਲਾ ਭਾਲਾ ਜਿਹਾ ਜੱਸੀ ਸੋਚਦਾ ਹੁੰਦਾ ਸੀ ਸ਼ਾਇਦ ਕਾਲਜ

ਵਾਲੇ ਹੀ ਹੋਸਟਲ ਦਿੰਦੇ ਹੁੰਦੇ ਆ ਰਹਿਣ ਵਾਸਤੇ।

ਖਾਣਾ ਪੀਣਾ ਤਾਂ ਹੋਟਲ ਤੋਂ ਖਾ ਲੈਂਦਾ, ਪਰ ਰਾਤ ਕਿੱਥੇ ਕੱਟਦਾ, ਇਹ ਵੀ ਇਕ ਮੁਸ਼ਕਿਲ ਸੀ ਉਹਦੇ ਲਈ ਜਿਸ ਦਾ ਕੋਈ ਹੱਲ ਨਹੀਂ ਸੀ। ਕਾਲਜ ਤੋਂ ਥੋੜੀ ਦੂਰ ਕਿਸੇ ਸੈਕਟਰ ਵਿਚ ਇੱਕ ਪਾਰਕ ਸੀ, ਜੱਸੀ ਉਥੇ ਜਾ ਕੇ ਬੈਠ ਗਿਆ । ਪਾਰਕ ਵਿੱਚ ਬੈਠਾ ਜੱਸੀ ਇਹਨਾਂ ਹੀ ਸੋਚਾਂ ਵਿੱਚ ਖੁਭਿਆ ਰਿਹਾ ਕਿੱਥੇ ਰਹੂੰਗਾ,ਕਿੱਥੇ ਸੋਵਾਂਗਾ। ਪਾਰਕ ਵਿੱਚ ਬੈਠਾ ਜੱਸੀ ਰਾਤ ਦੇ 12 ਵਜੇ ਤੱਕ ਸੈਰ ਕਰਨ ਆ ਰਹੇ ਲੋਕਾਂ ਨੂੰ ਦੇਖਦਾ ਰਇੱਕ । ਉਥੇ ਇਕ ਬੈਂਚ ਤੇ ਬੈਠੇ ਬੈਠੇ ਜੱਸੀ ਦੀ ਪਤਾ ਨਹੀਂ ਕਦੋਂ ਅੱਖ ਲੱਗ ਗਈ, ਤੇ ਜੱਸੀ ਉਥੇ ਹੀ ਸੋ ਗਿਆ।

ਤੜਕੇ ਹੀ 4 ਵਜੇ ਸੈਰ ਕਰਨ ਆਉਂਦੇ ਜਾਂਦੇ ਲੋਕਾਂ ਦੀ ਚਹਿਲ ਪਹਿਲ ਨੇ ਜੱਸੀ ਨੂੰ ਜਗਾ ਦਿੱਤਾ। ਅੱਤ ਦੀ ਗਰਮੀ ਤੇ ਮੱਛਰਾਂ ਦਾ ਕਹਿਰ ਫਿਰ ਵੀ ਪਾਰਕ ਵਿੱਚ ਜੱਸੀ ਨੇ ਰਾਤ ਕੱਟ ਲਈ। ਕਿਸੇ ਤਰ੍ਹਾਂ ਵੀ ਔਖਾ ਸੌਖਾ ਤਿਆਰ ਹੋ ਕੇ ਜੱਸੀ ਆਪਣੀ ਕਲਾਸ ਵਿੱਚ ਚਲਾ ਗਿਆ । ਕਲਾਸ ਵਿੱਚ ਜਾ ਕੇ ਜੱਸੀ ਕੁਨਾਲ ਦੇ ਕੋਲ ਬੈਠ ਗਿਆ। ਜੱਸੀ ਦਾ ਮੂੰਹ ਦੇਖ ਕੇ ਕੁਨਾਲ ਨੇ ਪੁੱਛਿਆ....!

ਕੁਨਾਲ :- ਯਾਰ ਇੰਨਾ ਮੱਛਰ ਲੜਿਆ ਹੋਇਆ ਤੇਰੇ...?

ਜੱਸੀ :- ਹਾਂ ਯਾਰ ਜਿੱਥੇ ਮੈਨੂੰ ਰਹਿਣ ਵਾਸਤੇ ਰੂਮ ਮਿਲਿਆ ਉਥੇ ਮੱਛਰ ਬਹੁਤ ਆ।

ਕੁਨਾਲ :- ਅੱਛਾ ਫਿਰ ਤੂੰ ਅੱਜ ਜਾਂਦਾ ਹੋਇਆ ਆਲ ਆਊਟ ਲੈ ਕੇ

ਜਾਵੀ। ਉਹ ਲਗਾ ਲਿਆ ਕਰੀ ਆਪਦੇ ਰੂਮ ਵਿੱਚ।

ਜੱਸੀ :- ਹਾਂਜੀ ਠੀਕ ਆ।

ਪਰ ਜੱਸੀ ਹੁਣ ਕੁਨਾਲ ਨੂੰ ਕੀ ਦੱਸਦਾ ਵੀ ਪਾਰਕ ਵਿੱਚ ਆਲ ਆਊਟ ਕਿੱਥੇ ਲਗਾਵੇ ।

✿✿✿✿✿✿

# ਭਾਗ 5

ਕੁਨਾਲ ਵੱਲੋਂ ਆਲ ਆਊਟ ਲਗਾਉਣ ਵਾਲੀ ਗੱਲ ਨੂੰ, ਹਾਂਜੀ ਠੀਕ ਆ ਕਹਿ ਕੇ ਜੱਸੀ ਨੇ ਟਾਲ ਦਿੱਤਾ । ਕਲਾਸ ਖਤਮ ਹੋਣ ਤੋਂ ਬਾਅਦ ਜੱਸੀ ਫਿਰ ਉਸੇ ਪਾਰਕ ਵਿਚ ਜਾ ਬੈਠਦਾ , ਓਥੇ ਬੈਠ ਆਪਣੀ ਪੜ੍ਹਾਈ ਕਰਦਾ, ਤੇ ਦੇਰ ਰਾਤ ਤੱਕ ਲੋਕਾਂ ਦੇ ਸੈਰ ਸਪਾਟੇ ਖਤਮ ਹੋਣ ਦੀ ਵੇਟ ਕਰਦਾ । ਤਾਂ ਕਿ ਉਹ ਕੁਝ ਘੰਟੇ ਸੌਂ ਸਕੇ। ਤੜਕੇ ਲੋਕਾਂ ਦੇ ਪਾਰਕ ਵਿੱਚ ਪਹੁੰਚਣ ਤੋਂ ਪਹਿਲਾਂ ਜੱਸੀ ਫਿਰ ਚਾਰ ਪੰਜ ਵਜੇ ਹੀ ਉੱਠ ਜਾਇਆ ਕਰਦਾ।

ਕਲਾਸ ਵਿੱਚ ਬੈਠੇ ਜੱਸੀ ਦੇ ਗਰਦਨ, ਮੂੰਹ ਤੇ ਬਾਹਾਂ ਵੱਲ ਦੇਖ ਕੇ ਕੁਨਾਲ ਨੇ ਫਿਰ ਪੁੱਛਿਆ .....!

ਕੁਨਾਲ :- ਯਾਰ ! ਤੇਰੀਆਂ ਬਾਹਾਂ ਤੇ ਮੂੰਹ ਤੇ ਐਨੇ ਧੱਫੜ!!!ਆਲ ਆਊਟ ਲਗਾਉਣ ਤੋਂ ਬਾਅਦ ਵੀ!!

ਜੱਸੀ :- ਹਾਂ ਯਾਰ ਮੱਛਰ ਹੀ ਬਹੁਤ ਆ ।

ਕੁਨਾਲ :- ਅੱਛਾ ! ਫਿਰ ਇੱਕ ਕਰੀਮ ਆਉਂਦੀ ਔਡੋਮੋਸ , ਉਹ ਲੈ ਲਈ ਉਹ ਲਗਾਇਆ ਕਰ।

ਜੱਸੀ :- ਠੀਕ ਆ ਵੀਰੇ।

ਅਗਲੇ ਦਿਨ ਜੱਸੀ ਜਦੋਂ ਕਲਾਸ ਵਿਚ ਗਿਆ ਤਾਂ ਕੁਨਾਲ ਫਿਰ ਜੱਸੀ ਦੇ ਮੂੰਹ ਵੱਲ ਦੇਖ ਰਿਹਾ ਸੀ। ਕੁਨਾਲ ਨੇ ਜੱਸੀ ਦੀਆਂ ਅੱਖਾਂ ਵੱਲ ਦੇਖ ਫਿਰ ਜੱਸੀ ਨੂੰ ਪੁੱਛਿਆ.....!

ਕੁਨਾਲ :- ਤੈਨੂੰ ਕੋਈ ਇਨਫੈਕਸ਼ਨ ਤਾਂ ਨੀ ਹੋਈ ਤੇਰੀਆਂ ਅੱਖਾਂ ਵੀ ਲਾਲ ਹੋਈਆਂ ਨੇ ..??

ਜੱਸੀ : - ਨਹੀਂ ਤਾਂ ।

ਕੁਨਾਲ :- ਤੂੰ ਰਹਿੰਦਾ ਕਿੱਥੇ ਆ,ਕਿਹੜੇ ਸੈਕਟਰ ਵਿੱਚ..??

ਜੱਸੀ :- ਬਸ ਇਥੇ ਹੀ ਆ ਨੇੜੇ।

ਕੁਨਾਲ : - ਫਿਰ ਵੀ ਕਿੱਥੇ? ਦੱਸ ਤਾਂ ਸਹੀ।

ਜੱਸੀ :- ਬਸ ਆਹ ਥੋੜੀ ਦੂਰ ਹੀ ਆ ।

ਬਸ ਇੱਥੇ ਹੀ ਰਹਿੰਦਾ ਹਾਂ ਨੇੜੇ ਹੀ ਰਹਿੰਦਾ ਹਾਂ ਕਹਿ ਕੇ ਜੱਸੀ ਨੇ ਗੱਲ ਨੂੰ ਗੋਲ ਮੋਲ ਕਰ ਦਿੱਤਾ । ਜੱਸੀ ਹੁਣ ਦੱਸਦਾ ਵੀ ਕੀ ! ਕਿ ਉਹ ਕਿਸੇ ਹੋਸਟਲ ਕਿਸੇ ਪੀਜੀ ਵਿੱਚ ਨਹੀਂ ਰਹਿੰਦਾ ਕਿਸੇ ਰੂਮ ਵਿੱਚ

ਨਹੀਂ ਰਹਿੰਦਾ । ਸਗੋਂ ਇੱਕ ਪਾਰਕ ਵਿੱਚ ਰਹਿੰਦਾ ਹੈ ਜਿੱਥੇ ਲੋਕਾਂ ਦੇ ਸੈਰ ਸਪਾਟੇ ਤੋਂ ਬਾਅਦ ਉਹ ਸੌਂ ਜਾਂਦਾ ਹੈ ਤੇ ਲੋਕਾਂ ਦੇ ਆਉਣ ਤੋਂ ਪਹਿਲਾਂ ਉਹ ਉਠ ਜਾਂਦਾ ।

ਦੇਰ ਰਾਤ ਤੱਕ ਜਾਗਦੇ ਰਹਿਣ ਨਾਲ ਜਲਦੀ ਉੱਠਣ ਨਾਲ ਬੇਅਰਾਮੀ ਨਾਲ, ਕੁਝ ਮੱਛਰ ਲੜਨ ਨਾਲ ਜੱਸੀ ਦੀਆਂ ਲਾਲ ਹੋਈਆਂ ਅੱਖਾਂ ਦੇਖ ਕੁਨਾਲ ਨੂੰ ਜੱਸੀ ਤੇ ਸ਼ੱਕ ਹੋਈ ਕੀਤੇ ਇਹ ਕੋਈ ਨਸ਼ਾ ਨੁਸ਼ਾ ਤਾਂ ਨੀ ਕਰਦਾ।

ਕੁਨਾਲ ਨੇ ਸੋਚਿਆ ਵੀ ਇਹਨੂੰ ਦੇਖ ਕੇ ਆਉਣਾ ਵੀ ਇਹ ਰਹਿੰਦਾ ਕਿੱਥੇ ।

ਕਾਲਜ ਟਾਈਮ ਤੋਂ ਬਾਅਦ ਕੁਨਾਲ ਚੋਰੀ ਚੋਰੀ ਜੱਸੀ ਦੇ ਪਿੱਛੇ ਚਲਾ ਗਿਆ, ਦੇਰ ਸ਼ਾਮ ਤੱਕ ਜੱਸੀ ਨੂੰ ਪਾਰਕ ਚ ਬੈਠਿਆਂ ਪੜਦਿਆਂ ਦੇਖ ਕੁਨਾਲ ਨੂੰ ਸਮਝ ਆ ਗਈ ਕੇ ਜੱਸੀ ਨੇ ਪਾਰਕ ਵਿਚ ਡੇਰੇ ਲਗਾਏ ਨੇ। ਤੇ ਇਹ ਹਰ ਰੋਜ਼ ਪਾਰਕ ਵਿੱਚ ਹੀ ਪੜ੍ਹਦਾ ਹੈ ਪਾਰਕ ਵਿੱਚ ਹੀ ਸੌਂਦਾ ਹੈ।

ਫਿਰ ਕੁਨਾਲ ਜੱਸੀ ਕੋਲ ਆਇਆ ਤੇ ਜੱਸੀ ਨੂੰ ਕਿਹਾ ਕਿ ਤੂੰ ਮੇਰੇ ਨਾਲ ਰਹਿਣਾ ਅੱਜ ਤੋਂ, ਤੇ ਉਹ ਜੱਸੀ ਨੂੰ ਆਪਣੇ ਨਾਲ ਲੈ ਗਿਆ।

ਹਾਲਾਂਕਿ ਕੁਨਾਲ ਜਿਸ ਹੋਸਟਲ ਵਿੱਚ ਰਹਿੰਦਾ ਸੀ ਉਥੇ  ਕਮਰੇ ਵਿਚ ਤਿੰਨ ਜਾਣੇ ਰਹਿਣੇ ਹੀ ਅਲਾਉਡ ਸੀ।  ਫਿਰ ਵੀ ਕੁਨਾਲ ਜੱਸੀ ਨੂੰ ਆਪਣੇ ਨਾਲ ਆਪਣੇ ਕਮਰੇ ਵਿੱਚ ਰਹਿਣ ਲਈ ਲੈ ਗਿਆ। ਜਿੱਥੇ ਉਹ ਜੱਸੀ ਨੂੰ ਆਪਣੇ ਨਾਲ illegal ਤਰੀਕੇ ਨਾਲ ਰੱਖਣ ਲੱਗਾ , ਤਾਂ ਕਿ ਜੱਸੀ ਆਪਣੀ ਪੜਾਈ ਤੇ ਧਿਆਨ  ਦੇ ਸਕੇ, ਕੁਨਾਲ ਜੱਸੀ ਦੇ ਹਾਲਾਤਾਂ ਤੋਂ ਜਾਣੂ ਹੋ ਚੁੱਕਾ ਸੀ। ਜਿੰਨੇ ਕੇ ਪੈਸੇ ਜੱਸੀ ਆਪਣੇ ਘਰੋਂ ਲੈ ਕੇ ਆਇਆ ਸੀ ਓੰਨੇ ਚ ਉਹਦਾ  ਰੋਟੀ ਪਾਣੀ ਦਾ ਗੁਜ਼ਾਰਾ ਚੱਲ ਗਿਆ । ਰਹਿਣ ਲਈ ਥਾਂ ਮਿਲ ਗਈ ਸੀ ਬਸ ਖੁਦ ਦੇ ਖਰਚੇ ਦੀ ਫ਼ਿਕਰ ਸੀ ਹੁਣ।

ਕਦੇ ਕਦੇ ਹੋਸਟਲ ਚ  ਪੁਲਿਸ ਦੀ ਰੇਡ ਵੀ ਪੈ ਜਾਂਦੀ,  ਸੀ। ਫਿਰ ਜੱਸੀ ਨੂੰ ਖਿੜਕੀ ਵਿਚ ਦੀ ਛਾਲ ਮਾਰ ਕੇ ਹੋਸਟਲ ਵਿੱਚੋਂ ਭੱਜਣੇ ਵੀ ਪੈਂਦਾ ਸੀ। ਪੁਲਿਸ ਦੇ ਚਲੇ ਜਾਣ ਤੋਂ ਬਾਅਦ ਕੁਨਾਲ ਜੱਸੀ ਨੂੰ ਫਿਰ ਰੂਮ ਵਿੱਚ ਲੈ ਆਉਂਦਾ।

ਹੁਣ ਘਰੋ ਲਿਆਂਦੇ ਹੋਏ ਪੈਸੇ ਵੀ ਮੁੱਕਣ ਲੱਗੇ, ਹੁਣ ਜੱਸੀ ਨੂੰ ਰੋਟੀ ਦੀ ਵੀ ਫਿਕਰ ਸਤਾਉਣ ਲੱਗੀ। ਰੂਮ ਦੇ ਬਾਕੀ ਮੁੰਡੇ ਤੇ ਸਾਰੇ ਹੋਸਟਲ ਵਿੱਚ ਲੀਗਲ ਤਰੀਕੇ ਨਾਲ ਰਹਿੰਦੇ ਸੀ ਜਿਸ ਕਰਕੇ ਉਹਨਾਂ ਨੂੰ ਖਾਣਾ ਵੀ ਮੈੱਸ ਵਿੱਚ ਮਿਲ ਜਾਂਦਾ ਸੀ।

ਜੱਸੀ ਨੂੰ ਲੱਗਦਾ ਸੀ ਮੈੱਸ ਵਿੱਚ ਖਾਣਾ ਸਿਰਫ ਉਹੀ ਖਾ ਸਕਦੇ

ਆ ਜਿਨਾਂ ਨੂੰ ਹੋਸਟਲ ਮਿਲਦਾ ਜਿਨਾਂ ਨੇ ਹੋਸਟਲ ਦੀ ਫੀਸ ਭਰੀ ਹੁੰਦੀ । ਕੁਨਾਲ ਦੇ ਕਿੰਨੀ ਵਾਰ ਕਹਿਣ ਤੇ ਵੀ ਜੱਸੀ ਉਹਨਾਂ ਨਾਲ ਖਾਣਾ ਖਾਣ ਮੈਸ ਵਿੱਚ ਨਾ ਜਾਂਦਾ।

✿✿✿✿✿✿

# ਭਾਗ 6

ਕੁਨਾਲ ਜਾ ਨਾਲ ਦੇ ਕਦੇ ਵੀ ਜੱਸੀ ਨੂੰ ਮੈੱਸ ਵਿੱਚ ਖਾਣਾ ਖਾਣ ਦੇ ਲਈ ਬੋਲਦੇ ਤਾਂ ਜੱਸੀ ਹਮੇਸ਼ਾ ਨਾ ਕਰ ਦਿੰਦਾਂ । ਉਹ ਸਾਰੇ ਮੈੱਸ ਵਿਚ ਖਾਣਾ ਖਾਣ ਲਈ ਚਲੇ ਜਾਂਦੇ ਤੇ ਜੱਸੀ ਹਮੇਸ਼ਾ ਬਾਹਰੋਂ ਕੁਝ ਸਸਤਾ ਜਿਹਾ ਖਾ ਲਿਆ ਕਰਦਾ।

ਇਕੱਲੀ ਭੁੱਖ ਤੇ ਗਰੀਬੀ ਹੀ ਜੱਸੀ ਲਈ ਮੁਸੀਬਤ ਨਹੀਂ ਸੀ । ਜੱਸੀ ਦੀ ਜਾਤ ,ਘੱਟ ਅੰਗਰੇਜ਼ੀ ਆਉਣਾ , ਫਿਕਰਾਂ ਵਿੱਚ ਉੱਡਿਆ ਹੋਇਆ ਰੰਗ ਰੂਪ, ਰੋਟੀ ਕਦੇ ਖਾ ਲੈਣੀ ਤੇ ਕਦੇ ਨਾ ਖਾਣ ਨਾਲ ਦੂਬਲਾ ਪਤਲਾ ਹੋਇਆ ਸਰੀਰ, ਕੁਝ ਅਧਿਆਪਕਾਂ ਵੱਲੋਂ ਕੀਤਾ ਜਾਂਦਾ ਭੇਦਭਾਵ ਵਰਗੀਆਂ ਮੁਸੀਬਤਾਂ ਵੀ ਜੱਸੀ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਦੀਆਂ।

ਅੰਗਰੇਜ਼ੀ ਘੱਟ ਆਉਣ ਤੇ ਜੱਸੀ ਨੂੰ ਹਰ ਰੋਜ ਹੀ ਮੈਡਮ ਵੱਲੋਂ ਸ਼ਰਮਿੰਦਾ ਕੀਤਾ ਜਾਂਦਾ । ਮੈਡਮ ਹਰ ਰੋਜ਼ ਲੈਕਚਰ ਟਾਈਮ ਜੱਸੀ ਤੇ ਆਪਣਾ ਲੈਕਚਰ ਝਾੜਦੀ ਜਿਵੇਂ ਸਾਰੀ ਕਲਾਸ ਵਿੱਚ ਬਸ ਇਕ ਜੱਸੀ ਹੀ ਜਿਸ ਨੂੰ ਕੁਝ ਨਾ ਆਉਂਦਾ ਹੋਵੇ । ਤੇ ਸਾਰੀ ਕਲਾਸ ਜੱਸੀ ਤੇ ਹਰ ਰੋਜ਼ ਹੱਸਦੀ। ਸਾਰੀ ਕਲਾਸ ਦਾ ਹਾਸਾ ਤੇ ਮੈਡਮ ਦੇ ਬੋਲੇ ਬੋਲ ਜੱਸੀ ਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿੰਦੇ ।

ਜਿੰਨਾ ਜੱਸੀ ਹਾਲਾਤਾਂ ਨਾਲ ਲੜ ਕੇ ਖੁਦ ਨੂੰ ਮਜ਼ਬੂਤ ਕਰਦਾ, ਓਨਾ ਕੇ ਮੈਡਮ ਦੇ ਕੌੜੇ ਬੋਲ ਜੱਸੀ ਨੂੰ ਫਿਰ ਕਮਜੋਰ ਕਰ ਦਿੰਦੇ। ਮੈਡਮ ਜੱਸੀ ਨੂੰ ਡਫਾਲਟਰ ਜਿਹਾ ਸਮਝਦੀ ਸੀ।

ਪ੍ਰੈਜਟੇਸ਼ਨ ਦੇਣ ਸਮੇਂ ਜੱਸੀ ਨੂੰ ਅੰਗਰੇਜ਼ੀ ਨਾ ਆਉਣ ਤੇ ਮੈਡਮ ਹਮੇਸ਼ਾ ਇੱਕੋ ਹੀ ਗੱਲ ਕਹਿੰਦੀ ਹੁੰਦੀ ਸੀ ," ਜੇ ਅੰਗਰੇਜ਼ੀ ਨਾ ਆਉਂਦੀ ਹੋਵੇ ਨਾ ਫਿਰ ਐਡੇ ਐਡੇ ਵੱਡੇ ਕੋਰਸ ਨਹੀਂ ਕਰੀਦੇ ", ਤਾਂ ਸਾਰੀ ਕਲਾਸ ਨੇ ਫਿਰ ਹੱਸ ਪੈਣਾ । ਜੱਸੀ ਮਿਹਨਤ ਬਹੁਤ ਕਰਦਾ ਸੀ ਆਪਣੀ ਪੜਾਈ ਲਈ, ਬਸ ਅੰਗਰੇਜ਼ੀ ਚ ਥੋੜਾ ਹੱਥ ਤੰਗ ਸੀ। ਮੈਡਮ ਦੀਆਂ ਕਹੀਆਂ ਗੱਲਾਂ ਜੱਸੀ ਦੇ ਦਿਲ ਤੇ ਬਹੁਤ ਸੱਟ ਮਾਰਦੀਆਂ।

ਜੱਸੀ ਕੋਲ ਵਰਦੀ ਨਾ ਹੋਣ ਕਰਕੇ ਵੀ ਜੱਸੀ ਨੂੰ ਬਹੁਤ ਜਲੀਲ ਹੋਣੇ ਪੈਂਦਾ। ਕਲਾਸ ਵਿੱਚ ਵਰਦੀ ਨਾ ਪਾ ਕੇ ਆਉਣ ਕਾਰਨ ਜੱਸੀ ਨੂੰ ਜੁਰਮਾਨਾ ਲੱਗਦਾ। ਪਤਾ ਨਹੀਂ ਜੱਸੀ ਆਪਣਾ ਰੋਟੀ ਦਾ ਡੰਗ ਕਿਵੇਂ ਸਾਰਦਾ ਸੀ ਉੱਪਰ ਦੀ ਉਸਨੂੰ ਜੁਰਮਾਨੇ ਤੇ ਜੁਰਮਾਨੇ ਪੈ ਰਹੇ ਸੀ ।

ਜੱਸੀ ਕਾਫੀ ਨਿਰਾਸ਼ ਹੋ ਚੁੱਕਾ ਸੀ। ਜੱਸੀ ਨੂੰ ਇਹ ਮਹਿਸੂਸ ਹੋਣ ਲੱਗਿਆ ਕਿ ਚੰਡੀਗੜ੍ਹ ਸ਼ਹਿਰ, ਇਹ ਪੜ੍ਹਾਈ, ਇਹ ਦੁਨੀਆ, ਉਹਦੇ ਲਈ ਨਹੀਂ ਬਣੀ, ਇਹ ਦੁਨੀਆ ਅਲੱਗ ਆ ਸਾਡੇ ਲਈ। ਜੱਸੀ ਦੀ ਹਿੰਮਤ ਟੁੱਟ ਚੁੱਕੀ ਸੀ। ਜੱਸੀ ਨੇ ਵਾਪਸ ਪਿੰਡ ਜਾਣੇ ਦਾ ਮਨ ਬਣਾ

ਲਿਆ। ਅਪਣਾ ਬੈੱਗ ਚੁੱਕ ਜੱਸੀ ਪਿੰਡ ਜਾਣੇ ਲਈ ਬੱਸ ਵਿੱਚ ਬੈਠ ਗਿਆ।

ਬੱਸ ਵਿੱਚ ਬੈਠਿਆ ਜੱਸੀ ਦੇ ਦਿਮਾਗ ਵਿੱਚ ਬਹੁਤ ਸਾਰੀਆਂ ਗੱਲਾਂ ਘੁੰਮ ਰਹੀਆਂ ਸੀ। ਉਸ ਨੇ ਸੋਚਿਆ ਪਿੰਡ ਜਾ ਕੇ ਕੋਈ ਕੰਮ ਕਰ ਲਵੇਗਾ ਜਾਂ ਫਿਰ law ਦੀ ਪੜਾਈ ਕਿਤੇ ਹੋਰ ਕਰ ਲਵਾਂਗਾ । ਜਦੋਂ ਘਰ ਜਾ ਕੇ ਆਪਣੀ ਮੰਮੀ ਨੂੰ ਦੱਸੇਗਾ ਕਿ ਮੈਂ ਪੜ੍ਹਾਈ ਛੱਡ ਆਇਆ ਹਾਂ , ਤਾਂ ਮੰਮੀ ਤੇ ਕੀ ਬੀਤੇਗੀ। ਸ਼ਰੀਕੇ ਵਾਲੇ ਕੀ ਕਹਿਣਗੇ। ਇਹ ਸਭ ਗੱਲਾਂ ਜੱਸੀ ਨੂੰ ਬਹੁਤ ਪਰੇਸ਼ਾਨ ਕਰ ਰਹੀਆਂ ਸੀ।

ਜਦੋਂ ਜੱਸੀ ਘਰੇ ਪਹੁੰਚਿਆ ਤਾਂ ਘਰੇ ਰਿਸ਼ਤੇਦਾਰ ਆਏ ਹੋਏ ਸੀ, ਜੱਸੀ ਦੇ ਫੁੱਫੜ ਜੀ । ਜੱਸੀ ਨੇ ਫੁੱਫੜ ਜੀ ਦੇ ਪੈਰੀ ਹੱਥ ਲਗਾਉਂਦੇ ਹੋਏ ਕਿਹਾਂ...!

ਜੱਸੀ :- ਪੈਰੀ ਪੈਂਦਾ ਫੁੱਫੜ ਜੀ।

ਫੁੱਫੜ :- ਆ ਗਏ ਵਕੀਲ ਸਾਬ। ਕਿਵੇਂ ਠੀਕ ਠਾਕ ਹੋ, ਕਿਵੇਂ ਲੱਗਿਆ ਚੰਡੀਗੜ ਰਹਿ ਕੇ...?

ਜੱਸੀ :- ਹਾਂਜੀ ਸਭ ਵਧੀਆ।

ਫੁੱਫੜ ਦੀਆਂ ਗੱਲਾਂ ਨੇ ਜੱਸੀ ਦਾ ਹੋਰ ਦਿਮਾਗ ਘੁੰਮਾ ਦਿੱਤਾ, ਫਿਰ ਉਹੀ ਸਭ ਗੱਲਾਂ ਦਿਮਾਗ਼ ਵਿਚ ਘੁੰਮਣ ਲੱਗੀਆਂ। ਜੱਸੀ ਨੇ ਸੋਚਿਆ ਮੰਮੀ ਕੋਲ ਬੈਠੀ ਜੇ ਮੈਂ ਸਭ ਸੱਚ ਦੱਸਿਆ ਤਾਂ ਮੰਮੀ ਦਾ ਦਿਲ ਦੁਖੇਗਾ। ਕੇ ਮੈਂ ਕਿਵੇ ਦੇ ਹਾਲਾਤਾਂ ਵਿੱਚ ਰਹਿੰਦਾ ਰਿਹਾ।

ਫੁੱਫੜ ਜੀ :- ਕਿੱਦਾ ਫਿਰ ਨਵੇਂ ਦੋਸਤ ਬਣਾਏ ਕੇ ਨਹੀਂ।

ਜੱਸੀ :- ਹਾਂਜੀ ਹਾਂਜੀ ਬਣਾਏ ਨੇ ਸਭ ਵਧੀਆ ਨੇ ਚੰਗੇ ਨੇ ਸਾਰੀ ਕਲਾਸ ਵਧੀਆ ਆ।

ਜੱਸੀ ਨੂ ਕਮਜ਼ੋਰ ਹੋਇਆ ਦੇਖ ਕੇ ਜੱਸੀ ਦੀ ਮੰਮੀ ਨੇ ਪੁੱਛਿਆ...!

ਮੰਮੀ :- ਤੂੰ ਇਨਾ ਕਮਜ਼ੋਰ ਹੋਇਆ ਨਾ ਤੂੰ ਕੁਝ ਖਾਂਦਾ ਪੀਂਦਾ ਨਹੀਂ..??

ਜੱਸੀ :- ਖਾਂਦਾ ਹਾਂ, ਬਸ ਇਹ ਪੜਾਈ ਕਰਕੇ ਆ ਤੇ ਗਰਮੀ ਬਹੁਤ ਜਿਆਦਾ ਨਾਲੇ ਇਸ ਲਈ ਲਗਦਾ।

ਮੰਮੀ :- ਇਕੱਲੀ ਪੜ੍ਹਾਈ ਤੇ ਹੀ ਧਿਆਨ ਨਾ ਦਿਆ ਕਰ ਖਾਣ ਪੀਣ ਤੇ ਧਿਆਨ ਵੀ ਦਿਆ ਕਰ ਸਿਹਤ ਦਾ ਵੀ ਖਿਆਲ ਰੱਖਿਆ ਕਰ ।

ਜੱਸੀ ਦੀ ਮੰਮੀ ਨੂੰ ਲੱਗਦਾ ਸੀ ਜਿਹੜਾ ਖਾਣਾ ਉਸ ਨੂੰ ਮੈੱਸ ਵਿੱਚ ਮਿਲਦਾ ਹੈ, ਉਹ ਵਧੀਆ ਨਹੀਂ ਮਿਲਦਾ ਕਿ ਜੱਸੀ ਉਹ ਖਾਣਾ ਖਾਣ ਨਾਲ ਕਮਜ਼ੋਰ ਹੋਈ ਜਾਂਦਾ।

✿✿✿✿✿✿✿

# ਭਾਗ 7

ਜੱਸੀ ਹਾਂਜੀ ਹਾਂਜੀ ਠੀਕ ਆ ਕਹਿ ਕੇ ਆਪਣੀ ਮੰਮੀ ਦੀ ਗੱਲ ਸੁਣਦਾ ਗਿਆ। ਵਿਚਾਰਾ ਨਾ ਕੁਝ ਸੱਚ ਦੱਸਣ ਜੋਗਾ, ਕੇ ਸਭ ਕੁਝ ਛੱਡ ਕੇ ਆ ਗਿਆ ਆ। ਕੁਝ ਫੁੱਫੜ ਦੀ ਕਹੀ ਗੱਲ "ਆ ਗਏ ਵਕੀਲ ਸਾਬ " ਨੇ ਜੱਸੀ ਨੂੰ ਅਲੱਗ ਤੋਂ ਪ੍ਰੇਸ਼ਾਨ ਕਰ ਦਿੱਤਾ ਸੀ। ਕਿਹੋ ਜਿਹੇ ਹਾਲਾਤਾਂ ਵਿਚ ਜੱਸੀ ਉਥੇ ਰਹਿ ਰਿਹਾ ਸੀ ਫੁੱਫੜ ਨੂੰ ਕੁਝ ਪਤਾ ਨਹੀਂ ਸੀ ਬਸ ਜਖਮਾਂ ਤੇ ਲੂਣ ਪਾਉਣ ਵਾਲਾ ਕੰਮ ਫੁੱਫੜ ਦੀ ਗੱਲ ਕਰ ਗਈ।

ਰਾਤ ਸੋਚਾਂ ਫ਼ਿਕਰਾਂ ਵਿਚ ਬੀਤ ਗਈ , ਸਵੇਰੇ ਉੱਠ ਜੱਸੀ ਫਿਰ ਵਾਪਸ ਚੰਡੀਗੜ੍ਹ ਜਾਣ ਲਈ ਤਿਆਰ ਹੋਣ ਲੱਗਾ ਫੁੱਫੜ ਦੀ ਕਹੀ ਗੱਲ ਨੇ ਜੱਸੀ ਦੇ ਦਿਲ ਦਿਮਾਗ ਤੇ ਬਹੁਤ ਅਸਰ ਕੀਤਾ। ਜੱਸੀ ਨੂੰ ਮਹਿਸੂਸ ਹੋਇਆ ਕਿ ਹੁਣ ਗੱਲ ਅਣਖ ਤੇ ਆ ਗਈ। ਹੁਣ ਤੇ ਵਾਪਸ ਜਾ ਕੇ ਅੱਗੇ ਦੀ ਪੜ੍ਹਾਈ ਕਰਨੀ ਹੀ ਪੈਣੀ।

ਸਵੇਰੇ ਉੱਠ ਜਦੋਂ ਜੱਸੀ ਵਾਪਸ ਚੰਡੀਗੜ੍ਹ ਜਾਣ ਲਈ ਤਿਆਰ ਹੋਣ ਲੱਗਿਆ ਤਾਂ ਜੱਸੀ ਦੀ ਮੰਮੀ ਨੇ ਜੱਸੀ ਨੂੰ ਇੱਕ ਦੋ ਦਿਨ ਹੋਰ ਰੁਕਣ ਲਈ ਕਿਹਾ...!

ਮੰਮੀ :- ਕੱਲ ਆਇਆ ਅੱਜ ਚੱਲਾ ਵੀ ਇੱਕ ਦੋ ਦਿਨ ਹੋਰ ਠਹਿਰ

ਜਾਂਦਾ।

ਜੱਸੀ :- ਨਹੀਂ ਮੰਮੀ ਪੜਾਈ ਦਾ ਨੁਕਸਾਨ ਹੁੰਦਾ। ਜਾਣੇ ਹੀ ਪੈਣਾ।

ਮੰਮੀ :- ਅੱਛਾ ! ਚੱਲ ਠੀਕ ਆ। ਅਪਣਾ ਖਿਆਲ ਰੱਖਿਆ ਕਰ ਖਾਣੇ ਪੀਣੇ ਦਾ, ਹਾਲ ਕੀ ਬਣਾਇਆ ਐਨਾ ਕਮਜ਼ੋਰ ਹੋਇਆ।

ਜੱਸੀ :- ਹਾਂਜੀ ਠੀਕ ਆ। ਮੈੱਸ ਦਾ ਖਾਣਾ ਕਦੇ ਸਵਾਦ ਲਗਦਾ ਕਦੇ ਨਹੀਂ। ਕਦੇ ਵਧੀਆ ਮਿਲ ਜਾਂਦਾ ਕਦੇ ਨਹੀਂ। ਇਸ ਲਈ ਲਗਦਾ ਕਮਜ਼ੋਰ। ਤੁਸੀ ਮੈਨੂੰ ਕੱਚੇ ਚੌਲ ਦੇ ਦਿਓ ਨਾਲ ਲੈਕੇ ਜਾਣ ਲਈ ।

ਮੰਮੀ :- ਉਹ ਤੂੰ ਕੀ ਕਰਨੇ...?

ਜੱਸੀ :- ਉਹ ! ਰੋਜ ਰੋਜ ਮੈੱਸ ਦਾ ਖਾਣਾ ਖਾ ਕੇ ਵੀ ਬੋਰ ਹੋ ਜਾਂਦੇ ਆ, ਕਦੇ ਕਦੇ ਨਹੀਂ ਵੀ ਦਿਲ ਕਰਦਾ ਖਾਣੇ ਨੂੰ । ਚੌਲ ਬਣਾ ਲਿਆ ਕਰਾਂਗੇ ਰੂਮ ਵਿਚ।

ਮੰਮੀ :- ਅੱਛਾ! ਠੀਕ ਆ।

ਚੌਲ ਤੇ ਥੋੜੇ ਬਹੁਤੇ ਪੈਸੇ ਮੰਮੀ ਕੋਲੋ ਲੈਕੇ ਜੱਸੀ ਫਿਰ ਵਾਪਸ ਉਸੇ ਜਗ੍ਹਾ ਜਾਣੇ ਨੂੰ ਤੁਰ ਪਿਆ ਜਿਥੋਂ ਉਹ ਟੁੱਟ ਹਾਰ ਕੇ ਸਭ ਕੁਝ ਛੱਡ

ਕੇ ਆਪਣੇ ਘਰੇ ਆ ਗਿਆ ਸੀ। ਵਾਪਸ ਜਾਣ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ । ਫੁੱਫੜ ਜੀ ਨੇ ਵਕੀਲ ਸਾਬ ਕਹਿ ਕੇ ਜ਼ਮੀਰ ਨੂੰ ਹਲੂਣਾ ਜੋ ਦੇ ਦਿੱਤਾ ਸੀ।

ਜੱਸੀ ਵਾਪਸ ਫਿਰ ਉਸੇ ਹੋਸਟਲ ਕੁਨਾਲ ਹੋਣਾ ਕੋਲ ਚਲਾ ਗਿਆ। ਜੱਸੀ ਦੇ ਨਾਲ ਵਾਲੇ ਜਦੋਂ ਵੀ ਜੱਸੀ ਨੂੰ ਨਾਲ ਖਾਣਾ ਖਾਣ ਲਈ ਬੋਲਦੇ ਤਾਂ ਜੱਸੀ ਕੋਈ ਨਾ ਕੋਈ ਬਹਾਨਾ ਬਣਾ ਦਿੰਦਾ। ਕਦੇ ਜੱਸੀ ਲੇਟ ਨਹਾਉਣ ਜਾਂਦਾ ਕਦੇ ਬੈਡ ਤੇ ਪਿਆ ਜਲਦੀ ਹਿਲਦਾ ਹੀ ਨਾ ਤਾਂ ਕੇ ਨਾਲ ਵਾਲੇ ਮੁੰਡੇ ਉਸਦੀ ਉਡੀਕ ਨਾ ਕਰਨ ਤੇ ਮੈੱਸ ਵਿਚ ਖਾਣਾ ਖਾਣ ਚਲੇ ਜਾਣ ।

ਕੁਨਾਲ ਤੇ ਬਾਕੀ ਮੁੰਡਿਆਂ ਦੇ ਚਲੇ ਜਾਣ ਤੋਂ ਬਾਅਦ ਜੱਸੀ ਫਟਾਫਟ ਆਪਣੇ ਬੈਡ ਥੱਲੇ ਲੁਕੋ ਕੇ ਰੱਖੇ ਹੋਏ ਸਟੋਵ ਤੇ ਕੂਕਰ ਨੂੰ ਕੱਢਦਾ। ਤੇ ਮੰਮੀ ਕੋਲੋਂ ਲਿਆਦੇ ਹੋਏ ਚੌਲਾਂ ਨੂੰ ਉੱਬਲਣੇ ਰੱਖ ਕੇ ਆਪ ਹੋਸਟਲ ਦੇ ਬਾਹਰ ਵਾਲੀ ਕੰਟੀਨ ਤੋਂ ਕੱਟੇ ਹੋਏ ਪਿਆਜ਼ ਲੂਣ ਮਿਰਚਾਂ ਵਾਲੇ ਲੈਣ ਲਈ ਚਲਾ ਜਾਂਦਾ। ਜੋ ਉਹਨੂੰ ਕੰਟੀਨ ਵਾਲਾ ਫਰੀ ਵਿੱਚ ਦੇ ਦਿੰਦਾ ਸੀ। ਜੱਸੀ ਰੋਜ਼ ਚੌਲਾਂ ਤੇ ਲੂਣ ਮਿਰਚਾਂ ਵਾਲੇ ਪਿਆਜ਼ ਪਾ ਕੇ ਖਾ ਕੇ ਆਪਣਾ ਢਿੱਡ ਭਰ ਲੈਂਦਾ।

ਕੁਨਾਲ ਤੇ ਬਾਕੀ ਮੁੰਡਿਆਂ ਦੇ ਰੂਮ ਵਿੱਚ ਆਉਣ ਤੋਂ ਪਹਿਲਾਂ ਪਹਿਲਾਂ ਜੱਸੀ ਭਾਂਡੇ ਟੀਡੇ ਸਾਫ ਕਰ ਸਾਰੇ ਕਮਰੇ ਦੀ ਸਫਾਈ

ਕਰ ਵਿਹਲਾ ਹੋ ਜਾਂਦਾ। ਸਟੋਵ ਕੂਕਰ ਫਿਰ ਵਾਪਸ ਬੈਡ ਦੇ ਥੱਲੇ ਰੱਖ ਦਿੰਦਾ ਤੇ ਸਾਰੇ ਕਮਰੇ ਦਾ ਝਾੜੂ ਪੋਚਾ ਕਰ ਦਿੰਦਾ। ਕਮਰੇ ਦੇ ਝਾੜੂ ਪੋਚੇ ਦਾ ਕੰਮ ਜੱਸੀ ਨੇ ਖੁਦ ਲਿਆ ਸੀ ਤਾਂ  ਕਿ ਸਫ਼ਾਈ ਦੇ ਬਹਾਨੇ ਉਹ ਇੰਨੇ ਟਾਈਮ ਦੇ ਵਿੱਚ ਚਾਵਲ ਵੀ ਪਕਾ ਕੇ ਖਾ ਸਕੇ । ਤੇ ਨਾਲ ਵਾਲਿਆਂ ਨੂੰ ਪਤਾ ਵੀ ਨਾ ਲੱਗੇ।

✿✿✿✿✿✿

# ਭਾਗ 8

ਮੁਸ਼ਕਿਲਾਂ ਜੱਸੀ ਨੂੰ ਚਾਰੋ ਪਾਸਿਓਂ ਘੇਰਦੀਆਂ ਰਹੀਆਂ ਕਦੇ ਰੋਟੀ ਦੀ ਫ਼ਿਕਰ, ਕਦੇ ਫੀਸ ਦੀ, ਕਦੇ ਅੰਗਰੇਜ਼ੀ ਨਾ ਆਉਣਾ,ਕਦੇ ਗੈਰ ਕਾਨੂੰਨੀ ਤਰੀਕੇ ਨਾਲ ਹੋਸਟਲ ਵਿਚ ਰਹਿਣਾ,ਵਰਦੀ ਦੀ ਫ਼ਿਕਰ ਅਲੱਗ ਸੀ ਜਿਸ ਕਰਕੇ ਜੱਸੀ ਨੂੰ ਜ਼ੁਰਮਾਨੇ ਵੀ ਭਰਨੇ ਪੈਂਦੇ ਸੀ।

ਹਾਲਾਤਾਂ ਤੋਂ ਅੱਕੇ ਥੱਕੇ ਜੱਸੀ ਨੇ ਸੋਚਿਆ ਇਦਾ ਤਾਂ ਗੁਜ਼ਾਰਾ ਨਹੀਂ ਹੋਣਾ ਕਿਤੇ ਕੰਮ ਲੱਭਣਾ ਪਵੇਗਾ, ਕਿਤੇ ਸਵੇਰ ਵੇਲੇ ਲਈ ਪਾਰਟ ਟਾਈਮ ਜੌਬ ਪਤਾ ਕਰਦਾ ਹਾਂ ਤਾਂ ਕੇ ਮਾੜਾ ਮੋਟਾ ਗੁਜ਼ਾਰਾ ਸੋਖਾ ਹੋ ਜਾਵੇ।

ਚਲੋ ਰਹਿਣ ਦਾ ਗੁਜ਼ਾਰਾ ਤਾ ਠੀਕ ਠਾਕ ਚੱਲ ਰਿਹਾ ਸੀ ਪਰ ਖਾਣ ਪੀਣ ਦੀ ਫਿਕਰ ,ਕਿਤਾਬਾਂ ਦੀ ਫਿਕਰ ,ਵਰਦੀ ਦੀ ਫਿਕਰ ਇਹ ਸਭ ਦਾ ਵੀ ਕੋਈ ਹੱਲ ਕਰਨਾ ਸੀ ।

ਘਰ ਦਿਆਂ ਤੋਂ ਵੀ ਕਿੰਨੀ ਕੇ ਮਦਦ ਮੰਗਦਾ ਪੈਸੇ ਵਾਲੀ ।ਉਹ ਫ਼ੀਸ ਦਾ ਕਰਦੇ ਪ੍ਰਬੰਧ ਜਾ ਫਿਰ ਇਹ ਸਾਰੀਆਂ ਲੋੜਾਂ ਵੀ ਪੂਰੀਆਂ ਕਰਦੇ।

ਇਕ ਦਿਨ ਜੱਸੀ ਆਪਣੀ ਪੜ੍ਹਾਈ ਤੋਂ ਟਾਈਮ ਕੱਢ ਸ਼ਹਿਰ

ਕੰਮ ਦਾ ਪਤਾ ਕਰਨ ਚਲਾ ਗਿਆ, ਕੰਮ ਤਾਂ ਉਸ ਨੂੰ ਮਿਲ ਗਿਆ ਸਵੇਰੇ ਸਵੇਰੇ ਘਰਾਂ ਵਿਚ ਅਖ਼ਵਾਰ ਸੁੱਟਣ ਦਾ।

ਪਰ ਗੱਲ ਇਹ ਸੀ ਉਸਦੇ ਕੋਲ ਘਰ ਘਰ ਤੱਕ ਜਾਣੇ ਲਈ ਨਾ ਤਾਂ ਕੋਈ ਸਾਈਕਲ ਸੀ ਨਾ ਹੀ ਮੋਟਸਾਈਕਲ ਸੀ ,ਜਾਂਦਾ ਕਿਵੇਂ।

ਹੋਸਟਲ ਵਿਚ ਜੱਸੀ ਦੇ ਇਕ ਦੋਸਤ ਨੇ ਸਾਈਕਲ ਰੱਖਿਆ ਹੁੰਦਾ ਸੀ। ਫਿਰ ਜੱਸੀ ਸਵੇਰੇ ਤੜਕੇ ਉੱਠ ਢਾਈ ਸੌ ਘਰਾਂ ਵਿੱਚ ਅਖਵਾਰਾਂ ਸੁੱਟਣ ਜਾਂਦਾ ਸਵੇਰੇ ਪੰਜ ਵਜੇ ਨਿਕਲ ਜਾਂਦਾ ਕੰਮ ।

ਹੋਸਟਲ ਤੋਂ ਥੋੜੀ ਦੂਰ ਸੀ ਜਿੱਥੇ ਅਖਵਾਰਾਂ ਸੁੱਟਣ ਜਾਣਾ ਹੁੰਦਾ ਸੀ। ਘਰ ਘਰ ਘੁੰਮਦਿਆਂ ਹੀ ਜੱਸੀ ਨੂੰ 7:30 ਹੋ ਜਾਂਦੇ।

ਜਦੋਂ ਜੱਸੀ ਵਾਪਸ ਹੋਸਟਲ ਆਉਂਦਾ ਤਾਂ ਹੋਸਟਲ ਦੇ ਵਾਸ਼ਰੂਮ ਅੱਗੇ ਹੋਸਟਲ ਵਿੱਚ ਰਹਿੰਦੇ ਮੁੰਡਿਆਂ ਦੀ ਨਹਾਉਣ ਲਈ ਲਾਈਨ ਲੱਗੀ ਹੁੰਦੀ। ਤੇ ਜੱਸੀ ਦੀ ਵਾਰੀ ਅਖੀਰ ਵਿੱਚ ਆਉਂਦੀ। 8:45 ਤੇ ਜੱਸੀ ਦਾ ਪਹਿਲਾ ਲੈਕਚਰ ਹੁੰਦਾ ਸੀ ਤੇ ਅਕਸਰ ਲੇਟ ਹੋ ਜਾਂਦਾ ਸੀ ਪਹਿਲੀ ਕਲਾਸ ਲਈ ਹਰ ਰੋਜ ਹੀ ਕਦੇ ਕਦੇ ਤਾਂ ਲੈਕਚਰ ਖਤਮ ਹੀ ਹੋ ਜਾਂਦਾ ਸੀ।

ਜਲਦੀ ਜਲਦੀ ਵਿਚ ਜੱਸੀ ਵਾਲ਼ ਸਵਾਰਨੇ ਵੀ ਭੁੱਲ ਜਾਂਦਾ।

ਕਦੇ ਕੱਪੜੇ ਬਿਨਾਂ ਪ੍ਰੈਸ ਕਿਤੇ ਹੀ ਪਾਂ ਕੇ ਚਲੇ ਜਾਂਦਾ, ਵਰਦੀ ਤੇ ਜੱਸੀ ਕੋਲ ਹੈ ਹੀ ਨਹੀਂ ਸੀ।

ਉਹ ਲੈਕਚਰ ਵੀ ਉਸ ਮੈਡਮ ਦਾ ਹੀ ਹੁੰਦਾ ਸੀ ਜਿਸ ਦੀ ਪਤਾ ਨਹੀਂ ਜੱਸੀ ਨਾਲ ਕੀ ਦੁਸ਼ਮਣੀ ਸੀ, ਜਿਵੇਂ ਕੋਈ ਪਿੱਛਲੇ ਜਨਮ ਦੇ ਬਦਲੇ ਲੈਂਦੀ ਹੋਵੇ।

ਜੱਸੀ ਦੇ ਕੱਪੜੇ ਤੇ ਖਿੱਲਰੇ ਜਿਹੇ ਵਾਲ਼ ਦੇਖ ਕੇ ਮੈਡਮ ਜੱਸੀ ਨੂੰ ਬੜਾ ਕੁਝ ਸੁਣਾਉਂਦੀ, " ਐਦਾ ਹੀ ਸੁੱਤੇ ਪਏ ਉੱਠ ਕੇ ਆ ਜਾਂਦੇ ਆ ਕਲਾਸ ਵਿੱਚ, ਬਿਨਾ ਮੂੰਹ ਮੱਥਾ ਸਵਾਰੇ ਹੀ ,ਲੇਟ ਫਲੇਟ ਹੀ ਆਣ ਬੜ੍ਹਦੇ ਕਲਾਸ ਵਿੱਚ।

ਮੈਡਮ ਜੱਸੀ ਨੂੰ ਹਮੇਸ਼ਾ ਕਹਿੰਦੀ ਤੂੰ ਤਾਂ ਨੀ ਪਾਸ ਹੁੰਦਾ, ਨਾ ਤੇਰਾ ਕੰਮ ਪੂਰਾ ਹੋਇਆ ਹੁੰਦਾ , ਉੱਪਰ ਦੀ ਨਾ ਤੈਨੂੰ ਕਲਾਸ ਵਿਚ ਪ੍ਰੋਪਰ ਤਿਆਰ ਹੋ ਕੇ ਆਉਣ ਦਾ ਪਤਾ, ਤੂੰ ਕਲਾਸ ਚ ਵੀ ਲੇਟ ਆਉਂਦਾ। ਤੇਰੀ ਹਾਜ਼ਰੀ ਵੀ ਪੂਰੀ ਨਹੀਂ ਹੁੰਦੀ।

ਤੇਰੇ ਲੈਕਚਰ ਸ਼ੋਰਟ ਹੁੰਦੇ , ਤੇਰੀ ਹਾਜ਼ਰੀ ਮੈਂ ਜ਼ੀਰੋ ਲਿਖ ਕੇ ਹੀ ਭੇਜਣੀ । ਤੈਨੂੰ ਫਿਰ ਰੋਲ ਨੰਬਰ ਵੀ ਨਹੀਂ ਮਿਲਣਾ ਫਾਈਨਲ ਦੇ ਪੇਪਰ ਦੇਣ ਵਾਸਤੇ। ਪਰ ਮੈਡਮ ਨੂੰ ਕੀ ਪਤਾ ਸੀ ਵੀ ਜੱਸੀ ਕਿਸ ਵਜ੍ਹਾ ਕਰਕੇ ਲੇਟ ਲੇਟ ਹੋ ਜਾਂਦਾ।

ਜੋ ਮੈਡਮ ਨੇ ਕਿਹਾ ਸੀ ਉਹੀ ਕੀਤਾ, attendance category 0-20%, 20-50%, 50-75% ਤੇ 75% ਹਾਜ਼ਰੀ ਜਰੂਰੀ ਹੁੰਦੀ ਰੋਲ ਨੰਬਰ ਲੈਣ ਲਈ ਤੇ ਜੱਸੀ ਦਾ ਨਾਮ 0-20% ਵਾਲੀ ਲਿਸਟ ਵਿੱਚ ਪਾ ਦਿੱਤਾ ਗਿਆ।

ਫਿਰ ਜੱਸੀ ਨੂੰ ਪੇਪਰਾਂ ਚੋ detain ਕਰ ਦਿੱਤਾ ਗਿਆ। ਜਿਸ ਕਰਕੇ ਜੱਸੀ ਪਹਿਲੇ ਲੈਕਚਰ ਵਾਲੀ ਮੈਡਮ ਦੇ subject ਦਾ ਪੇਪਰ ਹੀ ਨਹੀਂ ਦੇ ਸਕਿਆ। ਜਿਸ ਦੀ ਵਜ੍ਹਾ ਨਾਲ ਜੱਸੀ ਦੀ ਸੱਪਲੀ ਆ ਗਈ।

✿✿✿✿✿✿

# ਭਾਗ 9

ਸੱਪਲੀ ਆਉਣ ਨਾਲ ਜਿਵੇਂ ਜੱਸੀ ਦੀਆਂ ਉਮੀਦਾਂ  ਹੀ ਟੁੱਟ ਗਈਆਂ। ਉਮੀਦਾਂ ਹੀ ਨਹੀਂ ਜੱਸੀ ਖੁਦ ਵੀ ਟੁੱਟਣ ਲੱਗਾ।

ਜੱਸੀ ਨੂੰ  ਆਪਣੇ ਮੰਮੀ ਡੈਡੀ ਦੀ ਜ਼ਿੰਦਗੀ ਸਵਾਰਨ ਦੀ ਆਸ ਧੁੰਦਲੀ ਜਿਹੀ ਲੱਗਣ ਲੱਗੀ ।

ਆਪਣੇ ਮੰਮੀ ਡੈਡੀ ਨੂੰ ਉਹ ਰਾਜੇ ਰਾਣੀ ਵਰਗੀ ਸੋਹਣੀ ਜ਼ਿੰਦਗੀ ਦੇਣੀ ਚਾਹੁੰਦਾ ਸੀ। ਜਿਹੜੀ ਉਸਨੂੰ ਹੁਣ ਬਸ ਇਕ ਸੁਫ਼ਨਾ ਹੀ ਜਾਪਣ ਲੱਗੀ ਸੀ।

ਹਰ ਆਸ ਉਮੀਦ ਤੇ ਉਸਨੂੰ ਪਾਣੀ ਫਿਰਦਾ ਦਿਖਣ ਲੱਗਾ , ਇਹ ਪੜਾਈ , ਹਾਲਾਤਾਂ ਨਾਲ ਲੜਨਾ ਹੁਣ ਜੱਸੀ ਨੂੰ ਬਹੁਤ ਔਖਾ ਲੱਗਣ ਲੱਗ ਪਿਆ ਸੀ।

ਮੈਡਮ ਦੀ ਕੀਤੀ ਖੁੰਦਕਵਾਜੀ ਨੇ ਜੱਸੀ ਨੂੰ ਇਸ ਹੱਦ ਤੱਕ ਝੰਜੋੜ ਕੇ ਰੱਖ ਦਿੱਤਾ ਸੀ ਕੇ ਜੱਸੀ ਨੇ ਬਸ ਹਾਰ ਹੀ ਮੰਨ ਲਈ ਸੀ।

ਪੈਸੇ ਦੀ ਕਮੀਂ, ਭੁੱਖ , ਮਾੜੇ ਹਾਲਾਤਾਂ ਨਾਲ ਤਾਂ ਬੰਦਾ ਲੜ ਸਕਦਾ , ਬੰਦੇ ਦੀ ਕੀਤੀ ਹੋਈ ਮਿਹਨਤ ਤੇ  ਪਾਣੀ ਪਾ  ਜਦੋਂ ਕੋਈ

ਖੈਣ ਲੱਗ ਜਾਵੇ ਉਦੋਂ ਬੰਦਾ ਬੇਬੱਸ ਹੋ ਜਾਂਦਾ।

ਇਹੋ ਜਿਹੇ ਹੀ ਸਮੇਂ ਵਿਚੋ ਜੱਸੀ ਗੁਜ਼ਰ ਰਿਹਾ ਸੀ। ਮਿਹਨਤ ਤਾਂ ਕਰਦਾ ਸੀ ਪਰ ਮੈਡਮ ਕੀਤੀ ਕਰਾਈ ਤੇ ਪਾਣੀ ਫੇਰ ਦਿੰਦੀਂ।

ਜਿਵੇਂ ਤਿਵੇਂ ਕਰਕੇ ਜੱਸੀ ਆਪਣਾ ਖਾਣ ਪੀਣ ਦਾ ਖ਼ਰਚਾ ਥੋੜਾ ਬਹੁਤਾ ਪੜ੍ਹਾਈ ਦਾ ਖਰਚਾ ਚੁੱਕ ਰਿਹਾ ਸੀ।

ਸੱਪਲੀ ਦਾ ਪੇਪਰ ਕਲੀਅਰ ਕਰਨ ਲਈ ਫ਼ਾਰਮ ਭਰਨ ਲਈ ਵੀ ਦੋ ਹਜ਼ਾਰ ਰੁਪਏ ਫੀਸ ਲੱਗਣੀ ਸੀ। ਜੋ ਕਿ ਜੱਸੀ ਕੋਲ ਹੈ ਹੀ ਨਹੀਂ ਸੀ।

ਜਿਹੜੇ ਹਾਲਾਤਾਂ ਵਿੱਚੋਂ ਜੱਸੀ ਲੰਘ ਰਿਹਾ ਸੀ ਉਸਨੇ ਕਦੇ ਅੰਦਾਜ਼ਾ ਵੀ ਨਹੀਂ ਲਗਾਇਆ ਸੀ ਕਿ ਪੜ੍ਹਾਈ ਕਰਨੀ ਇਸ ਕਦਰ ਔਖੀ ਹੋ ਸਕਦੀ ਹੈ।

" ਸੱਪ ਦੇ ਮੂੰਹ ਵਿੱਚ ਕਿਰਲੀ " ਅਖੌਤ ਜੱਸੀ ਤੇ ਬਿਲਕੁਲ ਸਹੀ ਢੁੱਕਦੀ ਸੀ। ਜੇਕਰ ਪੜਾਈ ਛੱਡ ਕੇ ਪਿੰਡ ਵਾਪਸ ਜਾਂਦਾ ਤਾਂ ਵੀ ਮਰਦਾ, ਜੇਕਰ ਇਥੇ ਰਹਿੰਦਾ ਤਾਂ ਵੀ ਔਖਾ ਸੀ।

ਨਿਆਣੀ ਉਮਰੇ ਹੀ ਜੱਸੀ ਐਨੇ ਔਖੇ ਦੁੱਖ ਭਰੇ ਹਾਲਾਤਾਂ ਦਾ ਸਹਾਮਣਾ ਕਰ ਰਿਹਾ ਸੀ ਜਿਨ੍ਹਾਂ ਹਾਲਾਤਾਂ ਵਿਚ ਕੋਈ ਸਿਆਣਾ ਵੀ

ਹਿੰਮਤ ਹਾਰ ਜਾਵੇ।

ਹਲਕੀ ਉਮਰ ਵਿਚ ਹੀ ਐਨਾ ਕੁਝ ਇਕੱਲਾ ਜਰ ਰਿਹਾ ਸੀ, ਜਿਸ ਦਾ ਘਰਦਿਆਂ ਨੂੰ ਵੀ ਕੋਈ ਅੰਦਾਜਾ ਨਹੀਂ ਸੀ। ਬਸ ਉਹਨਾਂ ਨੂੰ ਐਨਾ ਪਤਾ ਸੀ ਸਾਡਾ ਪੁੱਤ ਵੱਡੀ ਪੜਾਈ ਕਰਨ ਗਿਆ ਆ।

ਉਹ ਕੀ - ਕੀ ਸਹਿ ਰਿਹਾ , ਕਿਵੇਂ ਰਹਿ ਰਿਹਾ ਇਸ ਸਭ ਤੋਂ ਬੇਖ਼ਬਰ ਸੀ ਘਰਦੇ।

ਸੱਪਲੀ ਆਉਣ ਕਰਕੇ ਜੱਸੀ ਨੂੰ ਫਿਊਚਰ ਦੀਆਂ ਫ਼ਿਕਰਾਂ ਖਾਣ ਲੱਗੀਆਂ ਕੀ ਕਰਾਂਗਾ ਹੁਣ, ਕੀ ਬਣੂੰ ਜ਼ਿੰਦਗੀ ਦਾ। ਘਰੇ ਜਾਵਾਂ,ਘਰੇ ਦੱਸਾਂ ਸਭ ਨੂੰ ਕੇ ਨਹੀਂ ਕਰ ਸਕਦਾ ਮੈਂ ,ਇਹ ਪੜਾਈ ਆਪਣੀ ਔਕਾਤ ਤੇ ਮੇਰੇ ਵੱਸ ਚੋ ਬਾਹਰ ਆ ਇਹ ਸਭ।

ਜੱਸੀ ਸਭ ਕੁਝ ਛੱਡ ਕੇ ਵਾਪਿਸ ਘਰੇ ਚਲਾ ਗਿਆ , ਸਿੱਧਾ ਭੱਠੇ ਤੇ ਜਾਂਦਾ ਜਿੱਥੇ ਉਸਦੇ ਮੰਮੀ ਡੈਡੀ ਕੰਮ ਕਰ ਰਹੇ ਸੀ ਤੇ  ਆਪਣੀ ਮੰਮੀ ਨੂੰ ਕਹਿੰਦਾ , " ਮੇਰੇ ਕੋਲੋ ਨਹੀਂ ਹੁੰਦੀ ਇਹ ਪੜਾਈ ਮੈਂ ਆ ਗਿਆ ਛੱਡ ਕੇ", ਮੈਂ ਵੀ ਤੁਹਾਡੇ ਨਾਲ ਹੀ ਕੰਮ ਕਰਿਆ ਕਰੂੰਗਾ ਹੁਣ"।

ਜੱਸੀ ਦੀ ਗੱਲ ਸੁਣ, ਗਿੱਲੀ ਮਿੱਟੀ ਦਾ ਭਰਿਆ ਬੱਠਲ ਜੱਸੀ ਦੀ

ਮੰਮੀ ਦੇ ਹੱਥੋ ਛੁੱਟ ਜਾਂਦਾ ਤੇ ਪੈਰ ਤੇ ਜਾ ਡਿੱਗਦਾ, ਆਪਣੀ ਮੰਮੀ ਦੀ ਦਰਦ ਭਰੀ ਚੀਖ ਸੁਣ ਜੱਸੀ ਦੀ ਅੱਖ ਖੁੱਲ ਜਾਂਦੀ।

ਤੇ ਜੱਸੀ ਉਭੜ ਕੇ ਉਠ ਜਾਂਦਾ। ਸ਼ੁਕਰ ਆ ਸੁਪਨਾ ਸੀ। ਸੁਪਨੇਂ ਨੇ ਜੱਸੀ ਨੂੰ ਹੋਰ ਵੀ ਪ੍ਰੇਸ਼ਾਨ ਕਰ ਦਿੱਤਾ।

ਜੇਕਰ ਉਹ ਘਰ ਵਾਪਿਸ ਚਲੇ ਜਾਂਦਾ ਤਾਂ ਉਸਦੇ ਘਰਦਿਆਂ ਦੀਆਂ ਆਸਾਂ ਉਮੀਦਾਂ ਦਾ ਕੀ ਬਣੂੰ, ਮੇਰੀ ਮੰਮੀ ਦੇ ਅਰਮਾਨਾਂ ਦਾ ਕੀ ਬਣੂੰ ਜਿਹੜੇ ਉਹ ਮੇਰੇ ਸਿਰ ਤੇ ਸਜਾਈ ਬੈਠੀ ਹੋਣੀ।

ਕਦੇ ਚਾਚੀ ਤਾਈ ਦੇ ਮਿਹਣੇ, ਕਦੇ ਬੀਤੇ ਕੱਲ੍ਹ ਦੀਆਂ ਬੁਰੀਆਂ ਯਾਦਾਂ, ਕੱਚੇ ਮਕਾਨ ਦੀ ਚੋਂਦੀ ਛੱਤ ਤੇ ਭੱਠੇ ਤੇ ਜਾਨ ਮਾਰਦਾ ਪਿਉ, ਸਭ ਗੱਲਾਂ ਨੇ ਜੱਸੀ ਨੂੰ ਹੱਦੋਂ ਵੱਧ ਪ੍ਰੇਸ਼ਾਨ ਕਰ ਦਿੱਤਾ।

ਹਰ ਵੇਲੇ ਜੱਸੀ ਦੇ ਦਿਮਾਗ ਚ ਬੁਰੇ ਬੁਰੇ ਖਿਆਲ ਆਉਣ ਲੱਗੇ। ਦੋ ਤਿੰਨ ਦਿਨ ਜੱਸੀ ਕਲਾਸ ਵਿਚ ਵੀ ਨਾ ਗਿਆ, ਨਾ ਹੀ ਘਰੇ ਗੱਲ ਕਰਦਾ, ਬਸ ਗੁੰਮਸੁੰਮ ਰਹਿਣ ਲੱਗਿਆ।

ਇਹ ਸਭ ਜੱਸੀ ਦਾ ਦੋਸਤ ਕੁਨਾਲ ਨੋਟਿਸ ਕਰ ਰਿਹਾ ਸੀ ਕਿ ਜੱਸੀ ਸੱਪਲੀ ਦੀ ਟੈਂਸ਼ਨ ਲਈ ਬੈਠਾ ਆ ।

✿✿✿✿✿✿

# ਭਾਗ 10

ਕੁਨਾਲ ਨੇ ਬੜਾ ਕੁਝ ਨੋਟਿਸ ਕੀਤਾ , ਨਾ ਜੱਸੀ ਕਲਾਸ ਵਿੱਚ ਜਾਂਦਾ, ਨਾ ਸਾਡੇ ਕੋਲ ਬੈਠਦਾ,ਨਾ ਹੀ ਖਾ - ਪੀ ਰਿਹਾ ਟਾਈਮ ਨਾਲ।

ਹਰ ਵੇਲੇ ਗੁੰਮਸੁੰਮ ਰਹਿੰਦਾ ਜੱਸੀ ਇਸ ਗੱਲ ਨੇ ਕੁਨਾਲ ਨੂੰ ਥੋੜੀ ਚਿੰਤਾ ਵਿਚ ਪਾ ਦਿੱਤਾ, ਕੁਨਾਲ ਨੇ ਬਾਕੀ ਰੂਮ ਦੇ ਮੁੰਡਿਆਂ ਨਾਲ ਗੱਲ ਸਾਂਝੀ ਕੀਤੀ।

ਜੱਸੀ ਹਰ ਵੇਲੇ ਪ੍ਰੇਸ਼ਾਨ ਰਹਿਣ ਲੱਗ ਗਿਆ, ਕੀਤੇ ਕੁਝ ਕਰ ਨਾ ਲਵੇ। ਆਪਾਂ ਸਭ ਨੂੰ ਮਿਲ ਕੇ ਜੱਸੀ ਨੂੰ ਇਸ ਪ੍ਰੇਸ਼ਾਨੀ ਵਿਚੋ ਕੱਢਣਾ ਚਾਹੀਦਾ।

ਕੁਨਾਲ ਨੇ ਜੱਸੀ ਨੂੰ ਬੜਾ ਸਮਝਾਇਆ ਕਿ ਸਭ ਠੀਕ ਹੋ ਜਾਵੇਗਾ ਤੂੰ ਕਲਾਸ ਲਗਾਉਣੀ ਨਾ ਬੰਦ ਕਰ।

ਜੇਕਰ ਤੂੰ ਇਸ ਤਰ੍ਹਾਂ ਕਰੇਗਾ ਤਾਂ ਤੇਰੀ attandance short ਹੋ ਜਾਣੀ, ਫਿਰ ਤੋਂ ਹੋਰ ਨਵੀਂ ਪ੍ਰੌਬਲਮ ਖੜੀ ਹੋ ਜਾਵੇਗੀ ਕੋਈ ।

ਪਰ ਜੱਸੀ ਹਿੰਮਤ ਹਾਰੀ ਬੈਠਾ ਸੀ । ਕੁਨਾਲ ਦੇ ਐਨਾ ਸਮਝਾਉਣ ਤੇ ਵੀ ਜੱਸੀ ਕਲਾਸ ਲਗਾਉਣ ਨਾ ਜਾਂਦਾ। ਇਕ ਦੋ ਦਿਨ ਬੀਤ ਗਏ ।

ਜੱਸੀ ਦੀ ਹਾਲਤ ਦੇਖ ਸਭ ਦੋਸਤਾਂ ਨੇ ਬਾਹਰ ਘੁੰਮਣ ਫਿਰਨ ਜਾਣੇ ਦੀ ਸਲਾਹ ਕੀਤੀ। ਜਿਸ ਨਾਲ ਜੱਸੀ ਦਾ ਵੀ ਧਿਆਨ ਥੋੜਾ ਹੋਰ ਪਾਸੇ ਵਟ ਜਾਵੇਗਾ।

ਪਰ ਜੱਸੀ ਕੁਨਾਲ ਹੋਣਾ ਨਾਲ ਜਾਣ ਲਈ ਵੀ ਤਿਆਰ ਨਹੀਂ ਸੀ।

ਸਭ ਦੇ ਮਨਾਉਣ ਨਾਲ ਜੱਸੀ ਜਾਣ ਲਈ ਤਿਆਰ ਹੋ ਗਿਆ, ਉਸਨੂੰ ਕੁਝ ਪਤਾ ਨਹੀਂ ਕਿੱਥੇ ਜਾਣਾ ,ਉਸਨੇ ਇਕ ਵਾਰ ਵੀ ਨਹੀਂ ਪੁੱਛਿਆ ਅਖੀਰ ਜਾ ਕਿੱਥੇ ਰਹੇ ਹਾਂ।

ਕਿਉਂ ਕੇ ਜੱਸੀ ਦਾ ਦਿਲ ਦਿਮਾਗ ਬਸ ਚੱਲ ਰਹੇ ਮਾੜੇ ਵਕਤ ਵਿਚ ਹੀ ਫੱਸਿਆ ਹੋਇਆ ਸੀ। ਉਸਨੂੰ ਕੋਈ ਮਤਲਬ ਨਹੀਂ ਕਿੱਥੇ ਜਾ ਰਹੇ ਹਾਂ ਕਿੱਥੇ ਨਹੀਂ।

ਬੱਸ ਵਿੱਚ ਬੈਠਿਆ ਹੋਇਆ ਵੀ ਜੱਸੀ ਕਿਧਰੇ ਸੋਚਾਂ ਵਿੱਚ ਖੋਇਆ ਰਿਹਾ।

ਬੱਸ ਵਿੱਚ ਬੈਠਿਆ ਹੋਇਆ ਜੱਸੀ  ਤੇਜ ਤੇਜ ਲੰਘ ਰਹੇ ਰਸਤੇ ਨੂੰ ਬਾਰੀ ਵਿਚ ਦੀ ਦੇਖਦਾ ਰਿਹਾ ।  ਮਿਹਨਤ ਕਰਕੇ ਕੁਝ ਇਸ ਤਰ੍ਹਾਂ ਹੀ ਉਹ ਵੀ ਆਪਣੀ ਮੰਜ਼ਿਲ ਵੱਲ ਨੂੰ ਵਧਣਾ ਚਾਹੁੰਦਾ ਸੀ।

 ਇਨੀ ਤੇਜ਼ ਰਫਤਾਰ ਨਾਲ ਹੀ ਉਹ ਆਪਣੇ ਘਰ ਦੇ ਹਾਲਾਤ, ਆਪਣੇ ਮਾਂ ਪਿਓ ਦੀ ਜਿੰਦਗੀ ਵਧੀਆ ਕਰਨੀ ਚਾਹੁੰਦਾ ਸੀ ।

ਬੱਸ ਦੀ ਵਾਰੀ ਵਿੱਚ ਦੀ ਆ ਰਹੀ ਠੰਡੀ ਠੰਡੀ ਹਵਾ ਜੱਸੀ ਦੀਆਂ ਅੱਖਾਂ ਵਿੱਚ ਪੈ ਰਹੀ ਸੀ। ਜੱਸੀ ਨੇ ਅੱਖਾਂ ਬੰਦ ਕਰ ਲਈਆਂ ਤੇ ਪਿੱਛੇ ਨੂੰ ਸੀਟ ਨਾਲ ਸਿਰ ਲਗਾ ਕੇ ਬੈਠ ਗਿਆ।

ਇਹਨਾਂ ਸਾਰੇ ਦੋਸਤਾਂ ਨਾਲ ਸ਼ਾਇਦ ਮੇਰਾ ਇਹ ਆਖਰੀ ਸਫਰ ਹੋਵੇ, ਸ਼ਾਇਦ ਮੈਂ ਵਾਪਸ ਆਪਣੇ ਘਰ ਚਲੇ ਜਾਵਾਂ। ਸ਼ਾਇਦ ਆਪਣੇ ਸੁਪਨਿਆਂ ਨੂੰ ਅਲਵਿਦਾ ਆਖ ਤੁਰ ਜਾਵਾਂ।

ਇਹ ਸਭ ਸੋਚਦਿਆ ਜੱਸੀ ਦੀਆਂ ਅੱਖਾਂ ਭਰ ਆਈਆਂ। ਜੱਸੀ ਫਿਰ ਅੱਖਾਂ ਖੋਲ ਤੇਜ - ਤੇਜ ਲੰਘ ਰਹੇ ਰਸਤੇ ਵੱਲ ਦੇਖਣ ਲੱਗਾ ।

ਜੱਸੀ ਦੀਆਂ ਨਮ ਹੋਈਆਂ ਅੱਖਾਂ ਵੇਖ ਕੁਨਾਲ ਨੇ ਜੱਸੀ ਨੂੰ ਪੁੱਛਿਆ ਕੀ ਹੋਇਆ ..???? ਤੇਰੀਆਂ ਅੱਖਾਂ ਵਿੱਚ ਪਾਣੀ ਕਿਉਂ ...???

ਜੱਸੀ ਨੇ ਫਟਾਫਟ ਅੱਖਾਂ ਸਾਫ ਕਰਦਿਆਂ ਕਿਹਾ " ਨਹੀਂ ਯਾਰ ਤੇਜ ਹਵਾ ਚਲਦੀ ਆ ਉਹ ਅੱਖਾਂ ਵਿੱਚ ਪੈਣ ਨਾਲ ਅੱਖਾਂ ਵਿੱਚ ਪਾਣੀ ਆ ਗਿਆ "।

ਕੀ ਸੱਚੀ ਚੱਲ ਰਹੀ ਠੰਡੀ ਹਵਾ ਜੱਸੀ ਦੀਆਂ ਅੱਖਾਂ ਰਾਹੀਂ ਬਹਿ ਰਹੀ

ਸੀ ਜਾ ਫਿਰ ਸਿਰਫ  ਇਹ ਬਹਾਨਾ ਸੀ। ਇਹ ਸਿਰਫ ਜੱਸੀ ਹੀ ਜਾਣਦਾ ਸੀ।

ਸ਼ਹਿਰਾਂ ਦੇ ਲੰਬੇ ਰਸਤਿਆਂ ਨੂੰ ਲੰਘਦੀ ਹੋਈ ਬੱਸ ਇਕ ਗੁਰਦੁਆਰੇ ਅੱਗੇ ਜਾ ਖਲੋਈ । ਬਸ ਦੀ ਵਾਰੀ ਵਿੱਚ ਦੀ, ਆਪਣੀ ਜ਼ਿੰਦਗੀ ਤੋਂ ਨਿਰਾਸ਼ ਹੋਏ  ਜੱਸੀ ਨੇ ਗੁਰਦੁਆਰੇ ਵੱਲ ਨੂੰ ਭਰੀਆਂ ਨਜ਼ਰਾਂ ਨਾਲ ਵੇਖਿਆ ।

ਬਿਨਾਂ ਕੋਈ ਸਵਾਲ ਕੀਤੇ ਬਿਨਾਂ ਕੋਈ ਸ਼ਿਕਾਇਤ ਦੇ ਉਹ ਗੁਰੂਦੁਆਰੇ ਵੱਲ ਦੇਖਦਾ ਰਿਹਾ। ਸ਼ਾਇਦ ਭਰਿਆ ਹੋਇਆ ਮਨ ਰੱਬ ਨਾਲ ਬਹੁਤ ਗੱਲਾਂ ਕਰਨ ਨੂੰ ਕਰਦਾ ਸੀ। ਪਰ ਜੱਸੀ ਚੁੱਪ ਹੀ ਬੈਠਾ ਸੀ।

ਐਨੇ ਨੂੰ ਬੱਸ ਕੰਡਕਟਰ ਨੇ ਉੱਚੀ ਆਵਾਜ਼ ਵਿਚ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ , " ਫ਼ਤਹਿਗੜ੍ਹ ਸਾਹਿਬ ਵਾਲੇ ਉਤਰ ਜਾਓ ਭਾਈ, ਗੁਰੂਦੁਆਰਾ ਸਾਹਿਬ ਵਾਲੇ ਵੀ ਉੱਤਰ ਜਾਓ ਭਾਈ " ।

ਕੁਨਾਲ ਨੇ ਸੀਟ ਤੋਂ ਉੱਠ ਕੇ ਖੜੇ ਹੁੰਦੇ ਕਿਹਾ ਚਲੋ ਉੱਤਰੀਏ।

ਜੱਸੀ ਨੇ ਦੇਖਿਆ ਤੇ ਉੱਤਰਨ ਲਈ ਖਲੋ ਗਿਆ ਤੇ ਬੱਸ ਵਿਚੋ ਉੱਤਰ ਸਾਰੇ ਗੁਰੂਦੁਆਰਾ ਸਾਹਿਬ ਵੱਲ ਨੂੰ ਤੁਰ ਪਏ।

ਹਾਲਾਤਾਂ ਦਾ ਤੋੜਿਆ ਹੋਇਆ ਜੱਸੀ ਇਕ ਇਕ ਕਰਕੇ ਕਦਮ

ਗੁਰੂਦੁਆਰੇ ਵੱਲ ਨੂੰ ਵਧਾਉਂਦਾ ਹੋਇਆ ਤੁਰਨ ਲੱਗਾ। ਪਰ ਦਿਮਾਗ ਤਾਂ ਉਸਦਾ ਅਜੇ ਵੀ ਚੰਡੀਗੜ੍ਹ ਵਿੱਚ ਹੀ ਘੁੰਮ ਰਿਹਾ ਸੀ।

ਦਿਲ ਦਿਮਾਗ਼ ਵਿਚ ਬਸ ਇਹੀ ਸੀ ਕੇ ਸਭ ਕੁਝ ਛੱਡ ਕੇ ਪਿੰਡ ਵਾਪਿਸ ਚਲੇ ਜਾਣਾ।

ਇਸ ਦੁੱਖ ਦੇ ਨਾਲ ਥੱਕੀਆਂ ਅੱਖਾਂ ਨਾਲ ਉਹ ਗੁਰੂਦੁਆਰੇ ਵੱਲ ਨੂੰ ਤੁਰਦਾ ਗਿਆ।

ਸਭ ਮੱਥਾ ਟੇਕ ਬਾਕੀ ਗੁਰੂਦੁਆਰੇ ਘੁੰਮਣ ਲਈ ਚੱਲੇ ਤੇ ਜੱਸੀ ਨੇ ਓਥੇ ਹੀ ਬੈਠਣ ਦਾ ਕਹਿ ਕੇ ਰੁੱਕ ਗਿਆ।

ਕੁਨਾਲ ਤੇ ਬਾਕੀ ਦੇ ਮੁੰਡੇ ਮੱਥਾ ਟੇਕ ਬਾਹਰ ਚਲੇ ਗਏ।
ਜੱਸੀ ਓਥੇ ਹੀ ਮੱਥਾ ਟੇਕ ਵਾਹਿਗੁਰੂ ਅੱਗੇ ਜ਼ਮੀਨ ਨਾਲ ਸਿਰ ਲਗਾਈ ਰੋਣ ਲੱਗਾ, ਜਿਵੇਂ ਇਕ ਬੱਚਾ ਆਪਣੀ ਮਾਂ ਦੀ ਗੋਦ ਵਿਚ ਸਿਰ ਰੱਖ ਆਪਣਾ ਦਰਦ ਦੱਸ ਰਿਹਾ ਹੋਵੇ।

ਜੱਸੀ ਉਥੇ ਹੀ ਬੈਠਾ ਰੋਣ ਲੱਗਾ ਪਿਆ।

✿✿✿✿✿✿

# ਭਾਗ -11

ਸਭ ਗੁਰੂਦੁਆਰੇ ਦੇ ਅੰਦਰ ਜਾਂਦੇ ਤੇ ਮੱਥਾ ਟੇਕ ਕੇ ਬਾਹਰ ਆ ਜਾਂਦੇ, ਤੇ ਜੱਸੀ ਉਥੇ ਹੀ ਮੱਥਾ ਟੇਕ ਕੇ ਬੈਠ ਜਾਂਦਾ ਤੇ ਮਨੋ ਮਨੀ ਉਹ ਉਸ ਅਕਾਲ ਪੁਰਖ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ।

ਰੱਬ ਦੇ ਦਰ ਤੇ ਬੈਠਿਆਂ ਜੱਸੀ ਕੋਲੋ ਆਪਣਾ ਆਪ ਸੰਭਾਲਿਆ ਨਾ ਗਿਆ । ਜੱਸੀ ਦਾ ਸਾਰਾ ਦੁੱਖ ਅੱਖਾਂ ਰਾਹੀਂ ਬਹਿ ਤੁਰਿਆ।
ਜੱਸੀ ਦਾ ਭਰਿਆ ਮਨ ਵਾਹਿਗੁਰੂ ਅੱਗੇ ਡੁੱਲਣ ਲੱਗਾ।

" ਮੈਂ ਹਿੰਮਤ ਹਰ ਗਿਆ ਵਾਹਿਗੁਰੂ ਹੁਣ ਮੇਰੇ ਬਸ ਕੁਝ ਨਹੀਂ ਰਿਹਾ ,ਮੈਂ ਟੁੱਟ ਗਿਆ " ਐਨਾ ਬੋਲ ਜੱਸੀ ਰੋਣ ਲੱਗ ਪਿਆ।

ਜੱਸੀ ਨੂੰ ਇਸ ਤਰ੍ਹਾਂ ਰੋਂਦੇ ਦੇਖ ਕੇ ਇੱਕ ਗ੍ਰੰਥੀ ਸਿੰਘ ਉਹਦੇ ਕੋਲ ਆਉਂਦੇ ਨੇ , ਜੱਸੀ ਦੇ ਮੋਢੇ ਤੇ ਹੱਥ ਰੱਖ ਕੇ ਉਹਨੂੰ ਹੌਸਲਾ ਦਿੰਦੇ ਨੇ

ਆਪਣੇ ਆਪ ਨੂੰ ਸੰਭਾਲ ਪੁੱਤਰਾ ... ਹੁਣ ਤੂੰ ਵਾਹਿਗੁਰੂ ਜੀ ਦੀ ਸ਼ਰਨ ਵਿੱਚ ਆ ਗਿਆ .... ਜਿੱਥੇ ਸਾਰੇ ਦੁੱਖਾਂ ਤਕਲੀਫਾਂ ਦਾ ਨਾਸ਼ ਹੋ ਜਾਂਦਾ ... ਆ ਇਧਰ ਆ ਮੇਰੇ ਨਾਲ ...

ਉਹ ਗ੍ਰੰਥੀ ਸਿੰਘ ਜੱਸੀ ਨੂੰ ਸਹਾਰਾ ਦੇ ਕੇ ਖੜਾ ਕਰਦੇ ਨੇ ਤੇ ਆਪਣੇ ਨਾਲ ਲੈ ਜਾਂਦੇ ਨੇ । ਗ੍ਰੰਥੀ ਸਿੰਘ ਨੇ ਜੱਸੀ ਨੂੰ ਦੇਗ ਪ੍ਰਸ਼ਾਦ ਦਿੱਤਾ ਅਤੇ ਆਪਣੇ ਕੋਲ ਬੈਠਣ ਲਈ ਆਖਿਆ ।

ਜੱਸੀ ਭਾਵੇਂ ਹੁਣ ਥੋੜਾ ਸੰਭਲ ਚੁੱਕਿਆ ਸੀ ਪਰ ਉਹਦੀਆਂ ਅੱਖਾਂ ਵਿੱਚੋਂ ਨੀਰ ਹਜੇ ਵੀ ਨਹੀਂ ਸੀ ਰੁਕਿਆ । ਭਿੱਜੀਆਂ ਅੱਖਾਂ ਨਾਲ ਉਹ ਗ੍ਰੰਥੀ ਸਿੰਘ ਦੇ ਕੋਲ ਬੈਠ ਕੇ ਦੇਗ ਸ਼ਕਣ ਲੱਗਾ ।

ਕੁਝ ਦੇਰ ਬਾਅਦ ਉੱਤੋਂ ਭਾਈ ਸਾਹਿਬ ਨੇ ਪੁੱਛਿਆ ਐਸੀ ਵੀ ਕੀ ਤਕਲੀਫ ਆ ਗਈ ਪੁੱਤਰ ਜੀ ... ਜਿਹਨੇ ਤੈਨੂੰ ਅੰਦਰ ਤੱਕ ਤੋੜ ਦਿੱਤਾ ।

ਜੱਸੀ ਕੁਝ ਨਾ ਬੋਲਿਆ ਤਾਂ ਭਾਈ ਸਾਹਿਬ ਨੇ ਫਿਰ ਆਖਿਆ ਇਹ ਰੱਬ ਦਾ ਘਰ ਆ ਤੂੰ ਮਹਾਰਾਜ ਦੀ ਸ਼ਰਨ ਵਿੱਚ ਬੈਠਾ ਏ .... ਮਹਾਰਾਜ ਤੋਂ ਕਾਹਦਾ ਲੁਕੋ ... ਉਹ ਤਾਂ ਆਪ ਜਾਣੀ ਜਾਣ ਨੇ ...

ਜੱਸੀ ਬੋਲਿਆ " ਜੇ ਉਹ ਜਾਣੀ ਜਾਣ ਆ ਬਾਬਾ ਜੀ ਤਾਂ ਮੇਰੀਆਂ ਦੁੱਖਾਂ ਤੱਕਲੀਫਾਂ ਨੂੰ ਕਿਉਂ ਨਹੀਂ ਜਾਣਦਾ ?

ਭਾਈ ਸਾਹਿਬ ਬੋਲੇ ਉਹ ਸਭ ਦੀਆਂ ਜਾਣਦਾ ਪੁੱਤਰਾ ਤੇ ਉਹਦੇ ਹੁਕਮ ਤੋਂ ਬਾਹਰ ਕੁਝ ਨਹੀਂ ... ਹੋ ਸਕਦਾ ਤੇਰ ਇੱਥੇ ਆਉਣਾ ਵੀ ਮਹਾਰਾਜ ਦੇ ਹੁਕਮ ਅਧੀਨ ਹੋਵੇ ... ਤੂੰ ਦੱਸ ਕੀ ਤਕਲੀਫ ਹੈ ਤੈਨੂੰ ... ?

ਫਿਰ ਜੱਸੀ ਨੇ ਥੋੜਾ ਹੌਸਲਾ ਜਿਹਾ ਕਰਕੇ ਆਪਣੇ ਬਾਰੇ ਦੱਸਣਾ ਸ਼ੁਰੂ ਕੀਤਾ ਕਿ ਉਹ ਕੌਣ ਕਿੱਥੋਂ ਆਇਆ ਤੇ ਉਹਨੂੰ ਕੀ ਤਕਲੀਫ ਆ ।

ਬਹੁਤ ਗਰੀਬ ਘਰ ਤੋਂ ਆ ਬਾਬਾ ਜੀ ਤੇ ਚੰਡੀਗੜ੍ਹ ਵਕਾਲਤ ਦੀ ਪੜ੍ਹਾਈ ਕਰਦਾ ਬੜੇ ਚਾਅ ਨਾਲ ਵਕਾਲਤ ਵਿੱਚ ਪੈਰ ਧਰਿਆ ਸੀ ਪਰ ਸ਼ਾਇਦ ਮੈਂ ਭੁੱਲ ਗਿਆ ਕਿ ਗਰੀਬ ਘਰਾਂ ਦੇ ਬੱਚਿਆਂ ਨੂੰ ਐਡੇ ਵੱਡੇ ਸੁਪਨੇ ਨਹੀਂ ਲੈਣੇ ਚਾਹੀਦੇ ...

ਗ੍ਰੰਥੀ ਸਿੰਘ " ਕੋਈ ਵੱਡਾ ਛੋਟਾ ਨਹੀਂ ਪੁੱਤਰ ਜੀ .... ਮਾਨਸ ਕੀ ਜਾਤ ਸਭ ਏਕ ਹੈ ਪਹਿਚਾਨਓ

ਜੱਸੀ " ਇਹ ਸਭ ਕਹਿਣ ਸੁਣਨ ਵਿੱਚ ਬੜਾ ਵਧੀਆ ਲੱਗਦਾ ਬਾਬਾ ਜੀ ...ਪਰ ਅਸਲ ਦੁਨੀਆਂ ਵਿੱਚ ਸੱਚਾਈ ਕੁਝ ਹੋਰ ਆ ... ਪੈਰ ਪੈਰ ਤੇ ਗਰੀਬ ਲੋਕਾਂ ਨਾਲ ਧੱਕਾ ਹੁੰਦਾ ...

ਭਾਈ ਸਾਹਿਬ ਨੇ ਪੁੱਛਿਆ ਕਿਹਨੇ ਧੱਕਾ ਕੀਤਾ ਤੇਰੇ ਨਾਲ ਦੱਸ ਮੈਨੂੰ ? ਤਾਂ ਜੱਸੀ ਨੇ ਸਾਰਾ ਕੁਝ ਦੱਸਿਆ ਕਿ ਕਿਵੇਂ ਪਰੇਸ਼ਾਨੀਆਂ ਦਾ ਸਾਹਮਣਾ ਕਰਕੇ ਮੈਂ ਇਥੇ ਪੜਾਈ ਕਰਦਾ ਹਾਂ , ਮੇਰੇ ਕੋਲ ਖਾਣ ਪੀਣ ਦੇ ਵੀ ਪੈਸੇ ਨਹੀਂ ਹੁੰਦੇ ... ਪਾਰਕਾਂ ਵਿੱਚ ਰਾਤਾਂ ਕੱਟੀਆਂ

ਫਿਰ ਵੀ ਮੈਂ ਇਨੇ ਦੁੱਖ ਤਕਲੀਫਾਂ ਸਹਿ ਕੇ ਵੀ ਪੜ੍ਹਾਈ ਕਰ ਰਿਹਾ

ਸੀ ਤਾਂ ਕਿ ਮਾਂ ਦਾ ਸੁਪਨਾ ਪੂਰਾ ਕਰ ਸਕਾ .... ਪਰ ਚੰਦਰੀ ਦੁਨੀਆ ਤੁਹਾਨੂੰ ਜਿਉਣ ਕਿੱਥੇ ਦਿੰਦੀ ਆ ...

ਜੱਸੀ ਨੇ ਦੱਸਿਆ ਕਿ ਮੇਰੀ ਮੈਡਮ ਨੇ ਜਾਣ ਬੁੱਝ ਕੇ ਮੈਨੂੰ ਫੇਲ ਕਰ ਦਿੱਤਾ , ਮੇਰੀ ਸਾਰੀ ਕੀਤੀ ਕਰਾਈ ਮਿਹਨਤ ਵਿਅਰਥ ਗਈ

ਭਾਈ ਸਾਹਿਬ ਬੋਲੇ ਕਰਨ ਕਰਾਉਣ ਵਾਲਾ ਮਾਲਕ ਆਪ ਹੈ ... ਜੇ ਉਹਦੀ ਮਿਹਰ ਹੋ ਗਈ ਤਾਂ ਕੋਈ ਕਿਸੇ ਦਾ ਕੁਝ ਨਹੀਂ ਵਿਗਾੜ ਸਕਦਾ ....

ਪਰ ਮੇਰਾ ਸਭ ਕੁਝ ਖਤਮ ਹੋ ਗਿਆ ਬਾਬਾ ਜੀ ... ਬਹੁਤ ਉਮੀਦਾਂ ਨਾਲ ਤੋਰਿਆ ਸੀ ਮੇਰੀ ਮਾਂ ਨੇ ਕਿ ਮੇਰਾ ਪੁੱਤ ਇੱਕ ਦਿਨ ਵਕੀਲ ਬਣੂਗਾ ਘਰ ਦੀ ਦਸ਼ਾ ਸੁਧਾਰੂਗਾ ... ਪਰ ਹੁਣ ਉਹਨੂੰ ਕਿਵੇਂ ਕਹਿ ਦਿਆਂ ਕਿ ਭੁੱਲ ਜਾ ਸਭ ...

ਭਾਈ ਸਾਹਿਬ ਬੋਲੇ ਉਤਾਰ ਚੜਾ ਦੁੱਖ ਸੁੱਖ ਇਹ ਸਭ ਤਾਂ ਜ਼ਿੰਦਗੀ ਦਾ ਹਿੱਸਾ ਨੇ ਮਹਾਰਾਜ ਨੇ ਜਿਸ ਸੁੱਖ ਬਖਸ਼ੇ ਨੇ ਤਾਂ ਦੁੱਖ ਵੀ ਬਖਸ਼ੇ ... ਪਰ ਜੇ ਉਮੀਦ ਟੁੱਟ ਜਾਏ ਤਾਂ ਬੰਦਾ ਸੱਚਿਓ ਟੁੱਟ ਜਾਂਦਾ .... ਇਸ ਲਈ ਪੁੱਤਰ ਜੀ ਕਦੇ ਵੀ ਉਮੀਦ ਨਾ ਟੁੱਟਣ ਦਿਓ

ਜੱਸੀ ਨੇ ਆਖਿਆ ਪਰ ਮੈਂ ਕਰਾਂ ਵੀ ਕੀ ਬਾਬਾ ਜੀ .... ਮੈਂ ਜੋ ਪੜ੍ਹਾਈ ਕਰਦਾ  ਇਹ ਬਹੁਤ ਮਹਿੰਗੀ ਪੜ੍ਹਾਈ ਆ .... ਕਿੰਨੀ

ਮਿਹਨਤ ਕਿੰਨੇ ਯਤਨਾਂ ਤੋਂ ਬਾਅਦ ਮੈਨੂੰ ਐਡਮਿਸ਼ਨ ਮਿਲਿਆ ਸੀ ..ਪਰ ਮੈਡਮ ਨੇ ਮੇਰੇ ਸਾਰੇ ਸੁਪਨੇ ਤੋੜ ਦਿੱਤੇ ....

ਨਾ ਮੈਂ ਵਾਪਸ ਮੁੜ ਸਕਦਾ ਤੇ ਅੱਗੇ ਪੜ੍ਹਾਈ ਫਿਰ ਤੋਂ ਸ਼ੁਰੂ ਕਰਨ ਲਈ ਮੇਰੇ ਕੋਲ ਪੈਸੇ ਹੈ ਨਹੀਂ ... ਹੁਣ ਤਾਂ ਮੈਨੂੰ ਲੱਗਦਾ ਵੀ ਮੈਂ ਜੋਸ਼ ਜੋਸ਼ ਵਿੱਚ ਗਲਤ ਫੈਸਲਾ ਲੈ ਲਿਆ... ਇਹ ਪੜ੍ਹਾਈ ਸਾਡੇ ਗਰੀਬਾਂ ਲਈ ਬਣੀ ਹੀ ਨਹੀਂ

ਸੱਚ ਪੁੱਛੋ ਤਾਂ ਮੈਂ ਇਸ ਜ਼ਿੰਦਗੀ ਤੋਂ ਹੀ ਅੱਕਿਆ ਪਿਆ ... ਮੇਰੇ ਲਈ ਸਾਰੇ ਦਰਵਾਜ਼ੇ ਬੰਦ ਹੋ ਚੁੱਕੇ ਨੇ ... । ਇਹ ਕਹਿੰਦਾ ਹੋਇਆ ਜੱਸੀ ਫਿਰ ਰੋਣ ਲੱਗਿਆ ।

ਗ੍ਰੰਥੀ ਸਿੰਘ ਨੇ ਉਹਦੇ ਮੋਢੇ ਤੇ ਹੱਥ ਰੱਖ ਕੇ ਆਖਿਆ ... ਭਾਵੇਂ ਦੁਨੀਆਂ ਦੇ ਸਾਰੇ ਦਰਵਾਜੇ ਬੰਦ ਹੋ ਜਾਣ ਪਰ ਇੱਕ ਦਰਵਾਜ਼ਾ ਹਮੇਸ਼ਾ ਖੁੱਲਾ ਰਹੇਗਾ ਉਹ ਵਾਹਿਗੁਰੂ ਦਾ ਦਰਵਾਜ਼ਾ ....

ਫਿਕਰ ਨਾ ਕਰ ਹੁਣ ਤੂੰ ਮਹਾਰਾਜ ਦੀ ਸ਼ਰਨ ਵਿੱਚ ਆ ਗਿਆ ... ਤੇ ਜਿਹੜਾ ਇੱਕ ਵਾਰੀ ਇਹਨਾਂ ਦੀ ਸ਼ਰਨ ਵਿੱਚ ਆ ਗਿਆ ਉਹ ਕੱਖ ਤੋਂ ਲੱਖ ਹੋ ਜਾਂਦਾ ।

ਤੈਨੂੰ ਪਤਾ ਪੁੱਤ ਜਿਸ ਧਰਤੀ ਤੇ ਤੂੰ ਬੈਠਾ ਉਹ ਧਰਤੀ ਦਸਮੇਸ਼ ਪਿਤਾ ਦੇ ਪੁੱਤਰਾਂ ਦਾ ਘਰ ਆ। ਜਿਨ੍ਹਾਂ ਨੇ ਬੱਚੇ ਹੋ ਕੇ ਦੁੱਖਾਂ ਨੂੰ ਕੱਖ ਨਹੀਂ

ਸਮਝਿਆਂ। ਨਿੱਕੀਆਂ ਜਿੰਦਾਂ ਹੌਸਲੇ ਵੱਡੇ ਸੀ। ਤੂੰ ਤੇ ਪੁੱਤਰਾ ਫਿਰ ਜਵਾਨ ਹੈ।

ਗ੍ਰੰਥੀ ਸਿੰਘ ਜੀ ਦੀ ਗੱਲ ਸੁਣ ਜੱਸੀ ਨੂੰ ਬਹੁਤ ਹੌਸਲਾ ਮਿਲਿਆ। ਜੱਸੀ ਨੇ ਹੰਝੂ ਸਾਫ ਕੀਤੇ ਤੇ ਥੋੜਾ ਮੁਸਕਰਾਇਆ।

ਗ੍ਰੰਥੀ ਸਿੰਘ ਜੀ ਨੇ ਜੱਸੀ ਨੂੰ ਮੁਸਕਰਾਉਂਦੇ ਹੋਏ ਦੇਖ ਕਿਹਾ "ਸ਼ਾਬਾਸ਼ ਪੁੱਤ " ਹੁਣ ਹਿੰਮਤ ਨਾ ਹਾਰੀ। ਜਦੋਂ ਕਦੇ ਵੀ ਤੈਨੂੰ ਲੱਗੇ ਤੇਰੀ ਹਿੰਮਤ ਜਵਾਬ ਦਿੰਦੀ  ਲਗਦੀ, ਤੂੰ ਜ਼ਿੰਦਗੀ ਵਿਚ ਹਾਰਦਾ ਲਗਦਾ, ਕੋਈ ਰਾਹ ਨਾ ਦਿਖਾਈ ਦੇਵੇ। ਤੂੰ ਬਸ ਇਥੇ ਆ ਜਾਇਆ ਕਰੀ।

ਬਹੁਤ ਸਾਰਾ ਹੌਸਲਾ ਲੈਕੇ ਇਕ ਨਵੀਂ ਉਮੀਦ ਲੈਕੇ ਜੱਸੀ ਵਾਪਿਸ ਚੰਡੀਗੜ੍ਹ ਆ ਗਿਆ

✿✿✿✿✿✿

# ਭਾਗ -12

ਜਿੱਥੇ ਜੱਸੀ ਪਹਿਲਾਂ ਹੀ ਐਨੀਆਂ ਮੁਸ਼ਕਿਲਾਂ ਨਾਲ ਘਿਰਿਆ ਹੋਇਆ ਸੀ ਉਥੇ ਹੀ ਜੱਸੀ ਲਈ ਨਵੀਂ ਮੁਸ਼ਕਿਲ ਨੇ ਜਨਮ ਲਿਆ ਲਿਆ, ਇਕ ਸੱਪਲੀ ਆਉਣ ਨਾਲ ਹੋਰ ਵੀ ਮੁਸ਼ਕਿਲ ਵੱਧ ਗਈ।

ਜੱਸੀ ਨੂੰ ਹੁਣ ਦੁੱਗਣੀ ਮਿਹਨਤ ਕਰਨੀ ਪੈਣੀ ਸੀ ਸੱਪਲੀ ਕਲੀਅਰ ਕਰਨ ਲਈ ।

ਰੋਜ਼ ਦਾ ਖਾਣਾ ਪੀਣਾ, ਫੀਸਾਂ ਭਰਨੀਆਂ , ਕਿਤਾਬਾਂ ਲੈਣੀਆਂ ਯੂਨੀਫ਼ਾਰਮ ਨਾ ਹੋਣਾ ਪਤਾ ਨਹੀਂ ਕੀ ਕੀ ਫ਼ਿਕਰਾਂ ਜੱਸੀ ਨੂੰ ਸਤਾ ਰਹੀਆਂ ਸੀ।

ਇਕ ਅਗਰੇਜ਼ੀ ਨਾ ਆਉਣਾ ਅਲੱਗ ਤੋਂ ਪ੍ਰੇਸ਼ਾਨੀ ਵਾਲੀ ਗੱਲ ਸੀ ਜੱਸੀ ਲਈ। ਜਿਸ ਕਰਕੇ ਜੱਸੀ ਨੂੰ ਰੋਜ਼ ਮੈਡਮ ਕੋਲੋ ਬੇਇੱਜ਼ਤ ਹੋਣੇ ਪੈਂਦਾ ਸੀ।

ਜਿੰਨੇ ਕੇ ਪੈਸੇ ਜੱਸੀ ਨੂੰ ਅਖ਼ਵਾਰ ਸੁੱਟਣ ਵਾਲੇ ਕੰਮ ਵਿਚੋ ਮਿਲਦੇ ਉਸ ਨਾਲ ਹੁਣ ਗੁਜ਼ਾਰਾ ਨਹੀਂ ਸੀ ਹੋਣਾ।

ਹੁਣ ਜੱਸੀ ਨੂੰ ਹੋਰ ਕੰਮ ਲੱਭਣ ਦੀ ਲੋੜ ਸੀ, ਜਿਸ ਵਿਚ ਥੋੜੇ ਪੈਸੇ

ਵੀ ਜਿਆਦਾ ਮਿਲਣ।

ਜੱਸੀ ਨੂੰ ਕਿਸੇ ਕੋਲੋ ਪਤਾ ਲੱਗਿਆ ਵੀ ਸਬਜੀ ਮੰਡੀ ਵਿੱਚ ਕੰਮ ਮਿਲ ਸਕਦਾ ਜੱਸੀ ਨੇ ਸਬਜੀ ਮੰਡੀ ਜਾ ਕੇ ਕੰਮ ਦਾ ਪਤਾ ਕੀਤਾ ।

ਮੰਡੀ ਵਿੱਚ ਜੱਸੀ ਨੂੰ ਸਵੇਰੇ ਵੇਲੇ ਸਬਜੀ ਵਾਲੇ ਟਰੱਕ ਲੋਡ , ਅਨਲੋਡ ਕਰਨ ਦਾ ਕੰਮ ਮਿਲ ਗਿਆ। ਜਿਸ ਦੇ ਪੈਸੇ ਵੀ ਜੱਸੀ ਨੂੰ ਮਹੀਨੇ ਦੇ 1200 ਕੁ ਦੇ ਕਰੀਬ ਮਿਲ ਜਾਇਆ ਕਰਨ ਸੀ।

ਪੈਸੇ ਇਹ ਵੀ ਥੋੜੇ ਹੀ ਸੀ, ਪਰ ਐਨੇ ਕੇ ਪੈਸਿਆਂ ਨਾਲ ਵੀ ਜੱਸੀ ਦੀਆਂ ਕਾਫੀ ਮੁਸ਼ਕਿਲਾਂ ਦਾ ਹੱਲ ਹੋ ਜਾਣਾ ਸੀ।

ਜੱਸੀ ਰੋਜ ਸਵੇਰੇ ਜਲਦੀ ਉੱਠਕੇ ਸਬਜੀ ਮੰਡੀ ਜਾਂਦਾ ਤੇ ਸਬਜੀ ਦੇ ਕਦੇ ਇੱਕ ਤੇ ਕਦੇ ਦੋ ਟਰੱਕ ਅਨਲੋਡ ਕਰਦਾ। ਜਿਸ ਦੇ ਉਸਨੂੰ ਵਧੀਆ ਪੈਸੇ ਮਿਲ ਜਾਂਦੇ ।

ਥੱਕਿਆ ਹਾਰਿਆ ਜੱਸੀ ਤਿਆਰ ਹੋ ਫਿਰ  ਕਲਾਸ ਲਗਾਉਣ ਚਲੇ ਜਾਂਦਾ। ਓਸੇ ਕਲਾਸ ਵਿੱਚ ਜਿਸ ਵਿਚ ਉਸਨੂੰ ਕਦੇ ਲੇਟ ਹੋਣ ਤੇ,ਕਦੇ ਯੂਨੀਫ਼ਾਰਮ ਨਾ ਹੋਣ ਤੇ , ਤੇ ਕਦੇ ਅੰਗਰੇਜ਼ੀ ਨਾ ਆਉਣ ਤੇ ਮੈਡਮ ਵਲੋ ਖਰੀ ਖਰੀ ਸੁਣਾਈ ਜਾਂਦੀ ਸੀ।

ਇਨ੍ਹਾਂ ਸਭ ਗੱਲਾਂ ਨੂੰ ਨਜ਼ਰ ਅੰਦਾਜ਼ ਕਰਕੇ ਫਿਰ ਵੀ ਉਹ ਆਪਣੀ

ਪੜ੍ਹਾਈ ਤੇ ਧਿਆਨ ਦਿੰਦਾ। ਇਹੋ ਜਿਹੀ ਦੁਨੀਆਂ ਵਿੱਚ ਰਹਿਣਾ ਤਾਂ ਜੱਸੀ ਨੂੰ ਇਹ ਸਭ ਸਹਿਣ ਕਰਨ ਦੀ ਆਦਤ ਪਾਉਣੀ ਹੀ ਪੈਣੀ ਸੀ।

ਪੈਸੇ ਵਾਲੀ ਮੁਸ਼ਕਿਲ ਦਾ ਤਾਂ ਹੱਲ ਜੱਸੀ ਕਰ ਹੀ ਰਿਹਾ ਸੀ । ਬਸ ਜਿਆਦਾ ਵੱਡੀ ਦਿੱਕਤ ਅਗਰੇਜ਼ੀ ਨਾ ਆਉਣਾ ਸੀ ਜਿਸ ਕਰਕੇ ਜੱਸੀ ਹੋਣਹਾਰ ਹੋਣ ਦੇ ਬਾਅਦ  ਵੀ ਨਲਾਇਕ ਹੀ ਸਮਝਿਆ ਜਾ ਰਿਹਾ ਸੀ।

ਜਿਸ ਦਿਨ ਖਾਸ ਡਰੈੱਸ ਚੈਕਿੰਗ ਹੋਣੀਂ ਹੁੰਦੀ ਸੀ ਉਸ ਦਿਨ ਜੱਸੀ ਛੁੱਟੀ ਕਰ ਲੈਂਦਾ ਸੀ। ਪਰ ਹਰ ਵਾਰ ਉਹ ਛੁੱਟੀ ਵੀ ਨਹੀਂ ਕਰ ਸਕਦਾ ਸੀ। ਨਹੀਂ ਤਾਂ ਅਟੈਂਡਸ ਸ਼ੋਰਟ ਕਰਕੇ ਉਸਨੂੰ ਪੇਪਰਾਂ ਲਈ ਰੋਲ ਨੰਬਰ ਨਹੀਂ ਮਿਲਣਾ ਸੀ।

ਇਕ ਦਿਨ ਜੱਸੀ ਦੇ ਦੋਸਤ ਨੇ ਜਾਣਾ ਨਹੀਂ ਸੀ ਕਾਲਜ ਜੱਸੀ ਉਸਦੀ ਯੂਨੀਫ਼ਾਰਮ ਪਾ ਕੇ ਚਲੇ ਗਿਆ। ਉਸ ਦਿਨ ਡਰੈੱਸ ਚੈਕਿੰਗ ਚਲਦੀ ਸੀ।  ਜੱਸੀ ਨੂੰ ਥੋੜਾ ਬਹੁਤਾ ਹੌਂਸਲਾ ਜਿਹਾ ਸੀ ਘੱਟੋ - ਘੱਟ ਅੱਜ ਤਾਂ ਜੁਰਮਾਨਾਂ ਨਹੀਂ ਲੱਗੇਗਾ।

ਪਰ ਸਿਆਣਿਆਂ ਨੇ ਕਿਹਾ ਵੀ ," ਜਦੋਂ ਟਾਈਮ ਮਾੜਾ ਚਲਦਾ ਹੋਵੇ ਤਾਂ ਊਠ ਤੇ ਬੈਠੇ ਬੰਦੇ ਨੂੰ ਵੀ ਕੁੱਤਾ ਵੱਢ ਲੈਂਦਾ" ਇਹੀ ਕੁਝ ਕਿਸਮਤ ਜੱਸੀ ਨਾਲ ਕਰ ਰਹੀ ਸੀ। ਯੂਨੀਫ਼ਾਰਮ ਤਾਂ ਜੱਸੀ ਪਾ ਕੇ ਆਇਆ ਸੀ ਪਰ ਨਾਲ ਬੂਟ ਬਰਾਊਨ ਕਲਰ ਦੇ ਪਾਏ ਹੋਣ ਕਰਕੇ ਉਸਨੂੰ

ਜੁਰਮਾਨਾ ਫਿਰ ਲੱਗ ਗਿਆ।

ਜਿੰਨੇ ਕੇ ਪੈਸੇ ਜੱਸੀ ਨੇ ਸੱਪਲੀ ਦੇ ਪੇਪਰ ਦੀ ਫੀਸ ਭਰਨ ਲਈ ਜੋੜੇ ਸੀ , ਇੰਨਾ ਕੇ ਜੱਸੀ ਨੂੰ ਜੁਰਮਾਨਾ ਪੈ ਗਿਆ।

ਯੂਨੀਫ਼ਾਰਮ ਵੀ ਹਜ਼ਾਰ ਪੰਦਰਾਂ ਸੋ ਤੋਂ ਘੱਟ ਨਹੀਂ ਆਉਂਦੀ ਸੀ। ਜੱਸੀ ਆਪਣੇ ਪਿੰਡ ਕੋਲ ਲਗਦੇ ਬਜ਼ਾਰ ਚੋ ਇਕ ਸੇਲ ਵਿਚੋ ਕਾਲੇ ਰੰਗ ਦੀ ਪੈਂਟ ਲੈਕੇ ਆਇਆ ਸੀ ਉਹ ਇਕ ਦੋ ਵਾਰ ਪਾਂ ਕੇ ਜਾਂਦਾ ਰਿਹਾ ਕਲਾਸ ਵਿਚ।  ਜਦੋਂ ਉਹ ਧੋ ਦਿੱਤੀ ਤਾਂ ਉਸਦਾ ਸਾਰਾ ਕਾਲਾ ਰੰਗ ਨਿਕਲ ਗਿਆ।

ਐਨੇ ਜੱਸੀ ਕਮਾ ਨਹੀਂ ਰਿਹਾ ਸੀ ਜਿੰਨੇ ਉਹਦੇ ਖਰਚੇ ਜਮਾਂ ਹੋਏ ਸੀ। ਯੂਨੀਫ਼ਾਰਮ ਦਾ ਜੁਰਮਾਨਾਂ, ਸੱਪਲੀ ਦੇ ਪੇਪਰ ਦੀ ਫੀਸ, ਯੂਨੀਫ਼ਾਰਮ ਲੈਣਾ ਆਦਿ।

ਜੱਸੀ ਸ਼ਾਮ ਨੂੰ ਰੋਟੀ ਵਾਲੇ ਹੋਟਲ ਤੇ ਕੰਮ ਕਰਨ ਜਾਂਦਾ ਸੀ ਜਿੱਥੇ ਉਹ ਬਰਤਨ ਚੁੱਕਦਾ ਤੇ ਆਏ ਗਏ ਗ੍ਰਾਹਕਾਂ ਨੂੰ ਰੋਟੀ ਪਾਣੀ ਵੀ ਸਰਵ ਕਰ ਦਿੰਦਾ ਸੀ। ਜਿਸ ਦੇ ਜੱਸੀ ਨੂੰ ਪੈਸੇ ਵੀ ਥੋੜੇ ਬਹੁਤ ਮਿਲ ਜਾਂਦੇ ਸੀ। ਤੇ ਖਾਣ ਲਈ ਰੋਟੀ ਵੀ।

ਹੋਟਲ ਤੇ ਖਾਣਾ ਖਾਣ ਆਏ ਇੱਕ ਟੀਚਰ ਨੇ ਜੱਸੀ ਨੂੰ ਪਹਿਚਾਣ ਲਿਆ ਕੇ ਇਹ ਤਾਂ ਲਾਅ ਕਾਲੇਜ ਦਾ ਸਟੂਡੈਂਟ ਹੈ। ਇਥੇ ਕੰਮ ਕਰ

ਰਿਹਾ ਹੈ। ਜੱਸੀ ਨੂੰ ਮਿਹਨਤ ਕਰਦਾ ਦੇਖ ਟੀਚਰ ਨੂੰ ਐਨੀ ਸਮਝ ਤਾਂ ਆ ਗਈ ਸੀ ਕੇ ਮੁੰਡਾ ਮਿਹਨਤੀ ਆ। ਬਸ ਅੰਗੇਰਜੀ ਨਾ ਆਉਣ ਕਰਕੇ ਮਾਤ ਖਾ ਰਿਹਾ ਆ। ਕਿਉਂਕਿ ਲਾਅ ਦੀ ਅਗਰੇਜ਼ੀ ਭਾਸ਼ਾ ਥੋੜੀ ਔਖੀ ਹੁੰਦੀ।

ਉਹ ਟੀਚਰ ਵੀ ਇਕ ਨੇਕ ਦਿਨ ਇਨਸਾਨ ਸੀ ਉਸਨੇ ਜੱਸੀ ਨੂੰ ਟਿਉਸ਼ਨ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਜੱਸੀ ਰੋਜ਼ ਟਾਈਮ ਕੱਢ ਕੇ ਅਗਰੇਜ਼ੀ ਦੀ ਟਿਉਸ਼ਨ ਪੜ੍ਹਨ ਜਾਣ ਲੱਗਾ।

ਉਹਨਾਂ ਜੱਸੀ ਨੂੰ ਹਰ ਰੋਜ਼ ਅਗਰੇਜ਼ੀ ਦੇ 10,15 ਸ਼ਬਦ ਸਿਖਾਉਣੇ ,ਤੇ ਪੜ੍ਹਨ ਲਈ ਦੇਣੇ। ਹੁਣ ਜੱਸੀ ਦਾ ਵੀ ਮੰਨ ਪੜ੍ਹਨ ਵਿਚ ਜਿਆਦਾ ਲੱਗਣ ਲੱਗ ਗਿਆ। ਕਾਲੇਜ ਦੀ ਲਾਇਬ੍ਰੇਰੀ ਵਿਚੋ ਜੱਸੀ ਨੇ dictionary ਲੈਕੇ ਹਰ ਰੋਜ 20-20 ਸ਼ਬਦ ਪੜ੍ਹਨੇ ।

ਜੱਸੀ ਨੇ ਮੰਨ ਵਿੱਚ ਗੱਲ ਪੱਕੀ ਕਰ ਰੱਖੀ ਸੀ ਵੀ ਉਹ ਹੁਣ ਕਲਾਸ ਵਿੱਚ ਆਪਣੀ ਇੰਟਰੋਡਕਸ਼ਨ ਅਗਰੇਜ਼ੀ ਵਿਚ ਹੀ ਦਵੇਗਾ। ਜੱਸੀ ਨੇ ਦਿਨ ਰਾਤ ਮਿਹਨਤ ਕਰਕੇ ਅਗਰੇਜ਼ੀ ਸਿੱਖ ਲਈ ਸੀ।

ਜਦੋ ਵੀ ਕਲਾਸ ਵਿਚ ਕੁਝ ਵੀ ਅਗਰੇਜ਼ੀ ਵਿਚ ਪੁੱਛਿਆ ਜਾਂਦਾ ਤਾਂ ਮੈਡਮ ਹਮੇਸ਼ਾ ਜੱਸੀ ਤੋਂ ਹੀ ਸ਼ੁਰੂ ਕਰਦੀ ਸੀ ਤਾਂ ਕੇ ਜੱਸੀ ਦੀ ਬੇਜ਼ਤੀ ਹੋਵੇ ਤੇ ਉਸਨੂੰ ਕਲਾਸ ਵਿੱਚੋਂ ਬਾਹਰ ਕੱਢਣੇ ਦਾ ਮੌਕਾ ਮਿਲੇ।

ਜਦੋ ਫਿਰ ਤੋਂ ਮੈਡਮ ਨੇ ਜੱਸੀ ਨੂੰ ਆਪਣੀ ਇੰਟਰੋਡਕਸ਼ਨ ਦੇਣ ਲਈ ਕਿਹਾ ਤਾਂ ਜੱਸੀ ਨੇ ਸਭ ਕੁਝ ਅਗਰੇਜ਼ੀ ਵਿਚ ਬੋਲ ਦਿੱਤਾ।

ਮੈਡਮ ਤੇ ਸਾਰੀ ਕਲਾਸ ਦੇਖਦੀ ਰਹਿ ਗਈ । ਪਰ ਮੈਡਮ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਸੀ ਕੇ ਜੱਸੀ ਨੇ ਅਗਰੇਜ਼ੀ ਸਿੱਖ ਲਈ। ਮੈਡਮ ਨੇ ਫਿਰ ਜੱਸੀ ਨੂੰ ਨੀਚਾ ਦਿਖਾਉਣ ਲਈ ਇਹੀ ਕਿਹਾ "ਅੱਜ ਬੜਾ ਰੱਟਾ ਮਾਰਿਆ ਹੋਇਆ" ।

ਪਰ ਜੱਸੀ ਖੁਸ਼ ਸੀ ਉਸਨੇ ਆਪਣੇ ਮਿਹਨਤ ਨਾਲ ਕੁਝ ਤਾਂ ਸਿੱਖ ਹੀ ਲਿਆ ਸੀ। ਜਿਹੜਾ ਉਸਦੀ ਜ਼ਿੰਦਗੀ ਚ ਬਹੁਤ ਕੰਮ ਆਉਣਾ ਸੀ।

✿✿✿✿✿✿

# ਭਾਗ -13

ਥੋੜੀ ਬਹੁਤੀ ਬੱਚਤ ਕਰਕੇ ਜੱਸੀ ਨੇ ਯੂਨੀਫ਼ਾਰਮ ਵੀ ਲੈ ਲਈ ਸੀ। ਜਿਸ ਹੋਸਟਲ ਵਿੱਚ ਜੱਸੀ ਰਹਿੰਦਾ ਸੀ ਉਥੇ ਉਸਨੂੰ ਰਹਿਣਾ ਪਸੰਦ ਨਹੀਂ ਸੀ , ਉੱਥੇ ਪੜ੍ਹਨਾ ਵੀ ਔਖਾ ਸੀ ਕਿਉਂਕਿ ਉਥੇ ਉਹ ਮਰਜੀ ਨਾਲ  ਰਾਤ ਨੂੰ ਲਾਈਟ ਲਗਾ ਕੇ ਪੜ੍ਹ ਵੀ ਨਹੀਂ ਸਕਦਾ, ਉਸਨੂੰ ਰਾਤ ਨੂੰ ਪੜ੍ਹਨ ਲਈ ਪਾਰਕ ਵਿਚ ਲੱਗੀਆਂ ਲਾਈਟਾਂ ਦਾ ਸਹਾਰਾ ਲੈਣਾ ਪੈਂਦਾ ਸੀ।

ਇਸ ਮੁਸ਼ਕਿਲ ਦਾ ਵੀ ਜੱਸੀ ਨੇ ਹੱਲ ਲੱਭ ਲਿਆ ਸੀ। ਉਸਨੂੰ ਇੱਕ pf ਮਿਲ ਗਿਆ ਜਿਸ ਵਿਚ ਇਕ ਕਮਰਾ ਸੀ ਜਿੱਥੇ ਉਹ ਜਦੋਂ ਦਿਲ ਕਰੇ ਪੜ੍ਹ ਸਕੇ ਤੇ ਜਦੋਂ ਦਿਲ ਕਰੇ ਆਰਾਮ ਕਰ ਸਕੇ।

ਤਿਨ ਹਜ਼ਾਰ pg ਦਾ ਕਿਰਾਇਆ ਸੀ, ਜਿਸ ਵਿਚ ਜੱਸੀ ਨੂੰ ਦੋ ਵੇਲੇ ਦੀ ਰੋਟੀ ਤੇ ਦੋ ਵੇਲੇ ਦੀ ਚਾਹ ਮਿਲ ਜਾਂਦੀ। ਚਾਹ ਰੋਟੀ ਦੀ , ਰਹਿਣ ਦੀ ਫ਼ਿਕਰ ਤਾਂ ਜੱਸੀ ਦੀ ਮੁੱਕ ਗਈ ਸੀ।

ਆਪਣਾ ਕਮਰਾ ਹੋਣ ਕਰਕੇ ਜੱਸੀ ਨੂੰ ਥੋੜਾ ਫਾਇਦਾ ਹੋਇਆ ਰਾਤ ਨੂੰ ਜੱਸੀ ਨੇ ਕਿਤਾਬਾਂ ਦੀਆਂ ਜਿਲਦਾਂ ਬੰਨਣੀਆਂ ਸ਼ੁਰੂ ਕਰ ਦਿੱਤੀਆਂ। ਜਿਸ ਨਾਲ ਜੱਸੀ ਕੋਲ ਚਾਰ ਪੈਸੇ ਵੀ ਜੁੜਨ ਲੱਗੇ।

ਜੱਸੀ ਦੇ ਨਾਲ ਦੇ ਰੂਮ ਵਾਲੇ ਵੀ ਇਕ ਦੋ ਮੁੰਡੇ ਜੱਸੀ ਵਾਂਗ ਗਰੀਬ ਘਰਾਂ ਚੋ ਹੀ ਆਏ ਸੀ ਉਹ ਵੀ ਜੱਸੀ ਨਾਲ ਵਧੀਆ ਰਹਿੰਦੇ, ਜੱਸੀ ਦੀ ਵਧੀਆ ਬਣਨ ਲੱਗ ਗਈ ਸੀ ਉਹਨਾਂ ਨਾਲ।

ਚੰਡੀਗੜ ਵਰਗੇ ਸ਼ਹਿਰ ਵਿਚ ਪੜ੍ਹਾਈ ਕਰਨੀ ਇਹ ਪਿੰਡ ਵਾਲੇ ਲੋਕਾਂ ਲਈ ਬਹੁਤ ਵੱਡੀ ਗੱਲ ਸੀ। ਸਾਰੇ ਪਿੰਡ ਵਾਲਿਆ ਨੂੰ ਲਗਦਾ ਸੀ ਜੱਸੀ ਚੰਡੀਗੜ ਪੜ੍ਹਦਾ ਪਤਾ ਨੀ ਕਿੰਨੀ ਕੇ ਐਸ਼ ਕਰਦਾ ਹੋਣਾ।

ਜੱਸੀ ਦੇ ਪਿੰਡ ਦੇ ਕੁਝ ਦੋਸਤ ਉਸਨੂੰ ਕਹਿੰਦੇ ਰਹਿੰਦੇ ਸੀ ਅਸੀਂ ਵੀ ਆਉਣਾ ਚੰਡੀਗੜ ਘੁੰਮਣ। ਜੱਸੀ ਵੀ ਮਾੜਾ ਮੋਟਾ ਹੂੰ ਹਾਂ ਕਰ ਦਿੰਦਾ।

ਇਕ ਦਿਨ ਜੱਸੀ ਦੇ ਪਿੰਡ ਦੇ ਦੋ ਮੁੰਡੇ ਜੱਸੀ ਨੂੰ ਮਿਲਣ pg ਆ ਗਏ। ਹੁਣ ਪਿੰਡ ਤੋਂ ਆਏ ਉਹਨਾਂ ਦੀ ਸੇਵਾ ਪਾਣੀ ਕਰਨਾ ਤਾਂ ਪੈਣਾ ਹੀ ਸੀ।ਉਹਨਾਂ ਨੂੰ ਕੀ ਪਤਾ ਵੀ ਉਹ ਕਿਹੜੇ ਹਾਲਾਤਾਂ ਵਿੱਚ ਰਹਿ ਰਿਹਾ ।

ਜੱਸੀ ਨੇ ਪੁੱਛਿਆ ਰੋਟੀ ਖਾਓਗੇ, ਤਾਂ ਉਹਨਾਂ ਨੇ ਕਿਹਾ ਹਾਂ ! ਯਾਰ ਭੁੱਖ ਲੱਗੀ ਤਾਂ ਹੈ।

ਜੱਸੀ ਤੇ ਜੱਸੀ ਦਾ ਦੋਸਤ ਦੋਨੋ ਵਿਚਾਰੇ ਬਜ਼ਾਰ ਨੂੰ ਗਏ ਤੇ ਦੋ ਜਾਣਿਆਂ ਦੀ ਰੋਟੀ ਪੈਕ ਕਰਵਾ ਕੇ ਲੈ ਆਏ। ਆ ਕੇ ਉਹਨਾਂ ਪਿੰਡੋਂ ਆਏ ਮੁੰਡਿਆਂ ਨੂੰ ਦਿੱਤੀ ਤਾਂ ਉਹਨਾਂ ਨੇ ਜੱਸੀ ਹੁਣਾ ਨੂੰ ਵੀ ਰੋਟੀ

ਖਾਣ ਲਈ ਕਿਹਾ।

ਜੱਸੀ ਤੇ ਜੱਸੀ ਦੇ ਦੋਸਤ ਨੇ ਕਿਹਾ ਨਹੀਂ ਅਸੀਂ ਤਾਂ ਖਾ ਕੇ ਆਏ ਆ। ਇਹ ਤਾਂ ਤੁਹਾਡੇ ਲਈ ਆ, ਤੁਸੀ ਖਾਓ। ਭੁੱਖ ਨੇ ਤਾਂ ਜੱਸੀ ਹੋਣਾ ਦੀ ਵੀ ਜਾਨ ਕੱਢੀ ਪਈ ਸੀ।

ਪਰ  ਕਰਦੇ ਕੀ ਜਿੰਨੇ ਕੇ ਪੈਸੇ ਸੀ ਉਹਨਾਂ ਵਿੱਚ ਤਾਂ ਬਸ ਪਿੰਡੋਂ ਆਏ ਮੁੰਡਿਆਂ ਜੋਗੀ ਰੋਟੀ ਮਸਾ ਆਈ ।

ਖੁਦ ਵਿਚਾਰਿਆਂ ਨੇ ਬਾਹਰੋਂ ਭੂਝੇ ਹੋਏ ਛੋਲੇ ਖਾ ਕੇ ਪਾਣੀ ਪੀ ਕੇ ਢਿੱਡ ਭਰ ਲਿਆ।

ਹੌਲੀ - ਹੌਲੀ  ਜਿਵੇਂ ਜੱਸੀ ਦੀ ਜ਼ਿੰਦਗੀ ਦੀ ਗੱਡੀ ਸਹੀ ਲੀਹ ਤੇ ਆ ਰਹੀ ਸੀ। ਪੜ੍ਹਾਈ ਵਿਚ ਵੀ ਦਿਲੋ ਮਿਹਨਤ ਕਰਦਾ ਸੀ,  ਤੇ ਪੜਾਈ ਦੇ ਨਾਲ - ਨਾਲ ਕੰਮ ਕਰਕੇ ਪੈਸੇ ਵੀ ਕਮਾ ਰਿਹਾ ਸੀ।

ਉਥੇ ਹੀ ਜੱਸੀ ਦੇ ਮਾਂ ਬਾਪ ਵੀ ਦਿਨ ਰਾਤ ਕੰਮ ਕਰਦੇ ਤਾਂ ਕੇ ਉਹ ਆਪਣੇ ਦੋਵਾਂ ਬੱਚਿਆਂ ਨੂੰ ਵਧੀਆ ਸਿੱਖਿਆ,ਵਧੀਆ ਜ਼ਿੰਦਗੀ ਦੇ ਸਕਣ।

ਦੋ ਸਾਲ ਹੋ ਗਏ ਸੀ ਜੱਸੀ ਨੂੰ ਕਾਲੇਜ ਵਿਚ, ਕੁਝ ਕੇ ਦਿਨਾਂ ਦਿਨਾਂ ਛੁੱਟੀਆਂ ਹੋਣ ਕਰਕੇ ਜੱਸੀ ਆਪਣੇ ਪਿੰਡ ਚਲੇ ਗਿਆ। ਘਰਦਿਆਂ ਨੂੰ

ਮਿਲਣ ਲਈ।

ਇਕ ਸ਼ਾਮ ਜੱਸੀ ਆਪਣੇ ਦੋਸਤ ਨਾਲ ਘੁੰਮਣ ਕੇ ਵਾਪਿਸ ਪਿੰਡ ਨੂੰ ਆ ਰਿਹਾ ਸੀ। ਦੋਨੋ ਦੋਸਤ ਮੋਟਸਾਈਕਲ ਤੇ ਆ ਰਹੇ ਸੀ। ਰਸਤੇ ਵਿੱਚ ਨਾਲ ਵਾਲੇ ਮੁੰਡੇ ਨੂੰ ਕੋਈ ਫੋਨ ਆ ਗਿਆ।

ਜੱਸੀ ਨੇ ਮੋਟਸਾਈਕਲ ਰੋਕਿਆ ਸੜਕ ਕਿਨਾਰੇ ਵੀ ਤੂੰ ਗੱਲ ਕਰ ਲੈ ਇਕ ਸਾਈਡ ਹੋ ਕੇ, ਆਪਾਂ ਫਿਰ ਚਲਦੇ ਆ। ਜੱਸੀ ਦੀ ਗੱਲ ਮੰਨ ਉਹ ਮੁੰਡਾ ਇਕ ਸਾਈਡ ਹੋ ਕੇ ਗੱਲ ਕਰਨ ਲੱਗਾ।

ਜੱਸੀ ਇਕ ਪਾਸੇ ਨੂੰ ਮੋਟਸਾਈਕਲ ਖੜਾ ਕਰਕੇ ਉਸ ਤੇ ਬੈਠਾ ਰਿਹਾ, ਥੋੜਾ ਜਿਹਾ ਦਿਨ ਢੱਲ ਗਿਆ ਸੀ ਮਾੜਾ ਮਾੜਾ ਹਨੇਰਾ ਹੋ ਚੁੱਕਾ ਸੀ ।

ਪਿੱਛੇ ਦੀ ਬੜੀ ਤੇਜੀ ਨਾਲ ਇਕ ਟਰੱਕ ਜੱਸੀ ਦੇ ਮੋਟਸਾਈਕਲ ਵਿਚ ਆਣ ਕੇ ਵੱਜਾ। ਐਨੀ ਜ਼ੋਰ ਨਾਲ ਟੱਕਰ ਵੱਜਣ ਨਾਲ ਜੱਸੀ ਅੱਗੇ ਖੜੀ ਬੱਸ ਦੀ ਛੱਤ ਤੋਂ ਹੋ ਕੇ ਮੁੜ ਜ਼ਮੀਨ ਤੇ ਆਣ ਡਿੱਗਿਆ।

ਜੱਸੀ ਲਹੂ ਲੁਹਾਨ ਹੋ ਚੁੱਕਾ ਸੀ ਜੱਸੀ ਨੂੰ ਹਸਪਤਾਲ ਪਹੁੰਚਾਇਆ ਗਿਆ, ਜਦੋਂ ਜੱਸੀ ਦਾ ਇਲਾਜ਼ ਸ਼ੁਰੂ ਹੋਇਆ।

ਜੱਸੀ ਦੇ ਐਨੀਆ ਸੱਟਾਂ ਲੱਗ ਚੁੱਕੀਆਂ ਸਨ, ਸਿਰ ਵਿੱਚ ਸੱਤ ਲੱਗਣ

ਕਰਕੇ ਜੱਸੀ ਦੀ ਇੱਕ ਅੱਖ ਦੀ ਰੌਸ਼ਨੀ ਵੀ ਬਹੁਤ ਜਿਆਦਾ ਘੱਟ ਚੁੱਕੀ ਸੀ।

ਲੱਤ ਤੇ ਵੀ ਬਹੁਤ ਸਾਰੇ ਟਾਂਕੇ ਲੱਗੇ ਹੋਏ ਸੀ। ਜੱਸੀ ਦਾ ਸਰੀਰ ਕਿੰਨੀ ਜਗ੍ਹਾ ਤੋਂ ਜਖਮੀ ਹੋਇਆ ਸੀ।

ਇਕ ਐਕਸੀਡੈਂਟ ਨੇ ਜੱਸੀ ਦੀ ਚੰਗੀ ਭਲੀ ਚੱਲਦੀ ਜ਼ਿੰਦਗੀ ਨੂੰ ਫਿਰ ਤੋਂ ਦੁੱਖਾਂ ਵਿਚ ਪਾ ਦਿੱਤਾ। ਗਰੀਬ ਮਾਂ ਬਾਪ ਤੇ ਹੋਰ ਦੁੱਖਾਂ ਦਾ ਪਹਾੜ ਟੁੱਟ ਗਿਆ ਸੀ।

ਔਖੇ ਸੌਖੇ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਵਿਚ ਮਦਦ ਕਰ ਰਹੇ ਸੀ, ਹੁਣ ਇਲਾਜ਼ ਦੀ ਅਲੱਗ ਤੋਂ ਫ਼ਿਕਰ ਪੈ ਗਈ ਸੀ।

✿✿✿✿✿✿

# ਭਾਗ -14

ਇੱਕ ਸਾਲ ਜੱਸੀ ਦਾ ਇਲਾਜ਼ ਵਿਚ ਹੀ ਬੀਤ ਗਿਆ, ਇਕ ਸਾਲ ਜੱਸੀ ਦੂਜਿਆਂ ਤੇ ਹੀ ਨਿਰਭਰ ਸੀ, ਖਾਣਾ - ਪੀਣਾ, ਨਹਾਉਣਾ ,ਉੱਠਣਾ - ਬੈਠਣਾ ਸਭ ਘਰਦਿਆਂ ਤੇ ਹੀ ਜੱਸੀ ਦਾ। ਬੈਡ ਤੇ ਪਿਆ ਪਿਆ ਜੱਸੀ ਆਪਣੀ ਜ਼ਿੰਦਗੀ ਬਾਰੇ ਸੋਚ ਸੋਚ ਪ੍ਰੇਸ਼ਾਨ ਹੁੰਦਾ ਰਹਿੰਦਾ।

ਚੰਗੀ ਭਲੀ ਚੱਲਦੀ ਜ਼ਿੰਦਗੀ ਉਥਲ - ਪੁੱਥਲ ਹੋ ਗਈ ਸੀ।
ਜਿੱਥੇ ਉਹ ਪੜ੍ਹ ਕੇ ਵਕੀਲ ਬਣਨਾ ਚਾਹੁੰਦਾ ਸੀ , ਆਪਣੇ ਮਾਂ ਬਾਪ ਦਾ ਚੰਗਾ ਸਹਾਰਾ ਬਣਨਾ ਚਾਹੁੰਦਾ ਸੀ ਉਥੇ ਹੀ ਉਹਨੂੰ ਲਗਦਾ ਸੀ ਉਹ ਘਰਦਿਆਂ ਤੇ ਬੋਝ ਬਣ ਗਿਆ।

ਬੈਡ ਤੇ ਪਿਆ ਜੱਸੀ ਖੁਦ ਨੂੰ ਲਾਚਾਰ ਤੇ ਬੇਵੱਸ ਸਮਝ ਰਿਹਾ ਸੀ। ਕੀ ਸੋਚਿਆ ਸੀ ਕੀ ਬਣ ਗਿਆ ਸੀ। ਜੱਸੀ ਦਾ ਸੁਭਾਅ ਚਿੜਚਿੜਾ ਜਿਹਾ ਹੋ ਗਿਆ ਸੀ। ਉਸਨੂੰ ਜ਼ਿੰਦਗੀ ਖਤਮ ਜਿਹੀ ਹੁੰਦੀ ਲੱਗਣ ਲੱਗੀ।

ਆਸਾਂ ਉਮੀਦਾਂ,ਸਭ ਸੁਪਨੇ ਟੁੱਟ ਗਏ ਸੀ। ਜੱਸੀ ਨੇ ਸੋਚ ਲਿਆ ਸੀ ਹੁਣ ਉਹ ਅੱਗੇ ਦੀ ਪੜਾਈ ਨਹੀਂ ਕਰ ਸਕੇਗਾ,ਉਸਦੀ ਉਮੀਦ ਇਸ ਹੱਦ ਤੱਕ ਜਵਾਬ ਦੇ ਗਈ ਸੀ।

ਇਕ ਹਨੇਰੇ ਕਮਰੇ ਵਿੱਚ ਪਏ ਜੱਸੀ ਨੂੰ ਆਪਣੀ ਜ਼ਿੰਦਗੀ ਅੱਗੇ ਦਿਖਾਈ ਹੀ ਨਹੀਂ ਦੇ ਰਹੀ ਸੀ। ਸਭ ਖਤਮ ਹੀ ਲੱਗ ਰਿਹਾ ਸੀ।

ਜੱਸੀ ਦੇ ਘਰਦਿਆਂ ਲਈ ਵੀ ਇਹ ਬਹੁਤ ਔਖਾ ਟਾਈਮ ਸੀ, ਇਕ ਗਰੀਬੀ ਇਕ ਪਾਸੇ ਉਹਨਾਂ ਦਾ ਪੁੱਤ ਮੰਜੇ ਤੇ ਪਿਆ, ਆਪਣੀ ਪੜ੍ਹਾਈ ਛੱਡ ਕੇ।

ਜੱਸੀ ਦਾ ਆਪਣੇ ਦਾਦੇ ਨਾਲ ਬਹੁਤ ਪਿਆਰ ਸੀ । ਜਦੋ ਉਹ ਛੋਟਾ ਸੀ ਤਾਂ  ਆਪਣੇ ਦਾਦੇ ਨਾਲ ਹੀ ਸੌਂਦਾ ਸੀ। ਦਾਦੇ ਦੀ ਸੇਵਾ ਕਰਦਾ ਹੁੰਦਾ ਸੀ। ਜਦੋ ਉਹ ਆਪਣੇ ਦਾਦੇ ਦੀਆਂ ਲੱਤਾਂ ਬਾਹਾਂ ਘੁੱਟਦਾ ਹੁੰਦਾ ਸੀ  ਤਾਂ ਉਹਦੇ ਦਾਦੇ ਨੇ ਹਮੇਸ਼ਾ ਅਸੀਸਾਂ ਦੇਣੀਆ।

" ਜੱਸੀ ਪੁੱਤ ਪੜ੍ਹ ਲਿਖ ਕੇ ਤੂੰ ਜੱਜ ਲੱਗੇ"

ਜਦੋਂ ਜੱਸੀ ਚੰਡੀਗੜ ਪੜ੍ਹਦਾ ਸੀ ਕਦੇ ਵੀ ਆਪਣੀ ਮੰਮੀ ਨਾਲ ਗੱਲ ਕਰਨੀ ਤਾਂ ਜੱਸੀ ਦੀ ਮੰਮੀ ਅਕਸਰ ਦੱਸਦੇ ਹੁੰਦੇ ਸੀ ਜੱਸੀ ਨੂੰ ਵੀ ਤੇਰੇ ਦਾਦਾ ਜੀ ਪੁੱਛਦੇ ਹੁੰਦੇ ਨੇ ਜੱਸੀ ਕਿਹੜੀ ਪੜ੍ਹਾਈ ਕਰਦਾ।

" ਭਾਪਾ ਜੀ ਉਹੀ ਪੜ੍ਹਾਈ ਕਰਦਾ ਜੱਸੀ ਜਿਹੜੀ ਤੁਸੀ ਉਸਨੂੰ ਅਸੀਸ ਦਿੰਦੇ ਹੋ ਹਮੇਸ਼ਾ "

ਅੱਛਾ ! ਉਹ ਜੱਜ ਦੀ ਪੜਾਈ ਕਰਦਾ ।

ਤੇ ਮੈਂ ਕੇ ਦਿੰਦੀ ਇਹੀ ਵਾਲੀ ਕਰਦਾ ਪੜਾਈ ਚੰਡੀਗੜ੍ਹ

ਇਹੀ ਗੱਲਾਂ ਜੱਸੀ ਨੂੰ ਇਕੱਲੇ ਪਏ ਨੂੰ ਪ੍ਰੇਸ਼ਾਨ। ਕਰਦੀਆਂ ਸੀ, ਸੁਪਨੇ ਕੀ ਸੀ ਬਣ ਕੀ ਗਿਆ ਮੇਰੇ ਨਾਲ।

ਜੱਸੀ ਦੇ ਦਾਦੇ ਦਾ ਇਕ ਦੋਸਤ ਘਰੇ ਆਇਆ ਕਰਦਾ ਸੀ ਜੱਸੀ ਦੇ ਦਾਦੇ ਨੂੰ ਮਿਲਣ ਨਾਲੇ ਉਹ ਜੱਸੀ ਦੀ ਵੀ ਖ਼ਬਰ ਲੈ ਜਾਇਆ ਕਰਦਾ ਸੀ। ਉਸਦਾ ਵੀ ਪੋਤਾ ਵਧੀਆ ਪੜ੍ਹਾਈ ਕਰਦਾ ਸੀ।

ਜਦੋਂ ਜੱਸੀ ਦੇ ਦਾਦੇ ਨੇ ਆਪਣੇ ਦੋਸਤ ਨੂੰ ਦੱਸਿਆ ਵੀ ਜੱਸੀ ਅੱਗੇ ਪੜ੍ਹਨ ਲਈ ਤਿਆਰ ਨਹੀਂ ,ਪੜਾਈ ਛੱਡਣ ਨੂੰ ਕਹਿ ਰਿਹਾ ਹੈ ਫਿਰ ਦਾਦੇ ਦੇ ਦੋਸਤ ਨੇ ਜੱਸੀ ਨੂੰ ਸਮਝਾਇਆ...!

" ਤੂੰ ਛੇਤੀ ਠੀਕ ਹੋ ਜਾਣਾ ਪੁੱਤਰਾ, ਵਾਪਿਸ ਪੜ੍ਹਨਾ ਸ਼ੁਰੂ ਕਰੀ ਚੰਗੇ ਮਾੜੇ ਹਾਲਾਤ ਬੰਦੇ ਤੇ ਆਉਂਦੇ ਜਾਂਦੇ ਰਹਿੰਦੇ ਆ, ਹਿੰਮਤ ਨਹੀਂ ਹਾਰੀਦੀ, ਮੇਰਾ ਵੀ ਪੋਤਾ ਪੜ੍ਹਦਾ ਆ। ਉਹਨੇ ਵੀ ਅੱਗੇ ਵਕਾਲਤ ਕਰਨੀ।

ਤੂੰ ਅਪਣੀ ਪੜਾਈ ਸ਼ੁਰੂ ਕਰ ਲਵੀਂ ਹੁਣ ਤੂੰ ਹੌਲੀ - ਹੌਲੀ ਠੀਕ ਹੋ ਰਿਹਾ ਹੈ, ਜਦੋਂ ਠੀਕ ਹੋ ਗਿਆ ਸਭ ਕੁਝ ਠੀਕ ਹੋ ਜਾਣਾ।

ਟਾਈਮ ਲੱਗਿਆ ਪਰ ਜੱਸੀ ਠੀਕ ਹੋ ਗਿਆ ਵਾਪਿਸ ਕਾਲੇਜ ਪੜ੍ਹਨ ਲਈ ਚਲੇ ਗਿਆ। ਪਰ ਜਿਹੜੇ ਨਾਲ ਪੜ੍ਹ ਦੇ ਸੀ ਸਟੂਡੈਂਟਸ ਸਭ ਜੱਸੀ ਦੇ ਸੀਨੀਅਰ ਬਣ ਚੁੱਕੇ ਸੀ। ਉਹ ਸਭ ਜੱਸੀ ਨਾਲੋ ਇਕ ਸਾਲ ਅੱਗੇ ਸੀ ।

ਜੱਸੀ ਨੂੰ ਫਿਰ ਤੋਂ ਉਥੋਂ ਹੀ ਸ਼ੁਰੂ ਕਰਨੇ ਪੈਣੀ ਸੀ ਪੜ੍ਹਾਈ ਜਿਥੋਂ ਉਹਨੇ ਛੱਡੀ ਸੀ , ਉਹ ਵੀ ਬਹੁਤ ਔਂਕੜਾਂ ਭਰੀ ਸੀ। ਸੰਘਰਸ਼ ਬੰਦੇ ਦੀ ਜ਼ਿੰਦਗੀ ਦਾ ਹਿੱਸਾ ਹੁੰਦਾ, ਪਰ ਜੱਸੀ ਦੀ ਜ਼ਿੰਦਗੀ ਹੀ ਇੱਕ ਸੰਘਰਸ਼ ਸੀ।

✿✿✿✿✿✿

# ਭਾਗ - 15

ਉਹੀ ਜ਼ਿੰਦਗੀ ਫਿਰ ਸ਼ੁਰੂ ਹੋ ਗਈ, ਪੜ੍ਹਨਾ ਕੰਮ ਕਰਨਾ, ਭਲੇ ਹੀ ਬਹੁਤ ਔਖਾ ਟਾਈਮ ਚੱਲ ਰਿਹਾ ਸੀ ਜੱਸੀ ਤੇ ਫਿਰ ਵੀ ਉਸਨੇ ਹਿੰਮਤ ਨਾ ਹਾਰੀ।

ਜਦੋ ਕਦੇ ਵੀ ਉਸਨੂੰ ਲਗਦਾ ਉਸਦਾ ਮੰਨ ਡੋਲ ਰਿਹਾ ਹੈ ਉਹ ਪ੍ਰੇਸ਼ਾਨ ਹੈ ਤਾਂ ਉਹ ਫ਼ਤਹਿਗੜ੍ਹ ਸਾਹਿਬ ਮੱਥਾ ਟੇਕ ਆਉਂਦਾ।
ਉਸਦੀ ਹਿੰਮਤ ਫਿਰ ਤੋਂ ਹੱਥ ਫੜ ਉਸਦੇ ਨਾਲ ਤੁਰ ਪੈਂਦੀ।

ਸੱਟ ਲੱਗਣ ਕਾਰਨ ਜੱਸੀ ਦੀ ਇੱਕ ਅੱਖ ਦੀ ਰੌਸ਼ਨੀ ਘੱਟਣ ਕਰਕੇ ਨਿਗ੍ਹਾ ਦੀ ਐਨਕ ਲੱਗ ਗਈ ਸੀ। ਫਿਰ ਵੀ ਜੱਸੀ ਦਿਨ ਰਾਤ ਆਪਣੀ ਪੜ੍ਹਾਈ ਤੇ ਪੂਰਾ ਧਿਆਨ ਦਿੰਦਾ। ਮੰਨ ਚਿੱਤ ਲਗਾ ਕੇ ਫਿਰ ਤੋਂ ਮਿਹਨਤ ਕਰਨ ਲੱਗਾ

ਇੱਕ ਦਿਨ ਜੱਸੀ ਕਾਲੇਜ ਨੂੰ ਜਾ ਰਿਹਾ ਸੀ ਤਾਂ ਕਾਲੇਜ ਦੀਆਂ ਪੌੜੀਆਂ ਤੇ ਇਕ ਕੁੜੀ ਬੈਠੀ ਰੋ ਰਹੀ ਸੀ ਜੱਸੀ ਨੇ ਦੇਖਿਆ ਪਰ ਹੌਲੀ - ਹੌਲੀ ਦੇਖਦਾ ਹੋਇਆ ਕੋਲੋ ਦੀ ਲੰਘ ਗਿਆ।

ਜਦੋਂ ਥੋੜ੍ਹੀ ਕੁ ਦੇਰ ਬਾਅਦ ਜੱਸੀ ਵਾਪਿਸ ਫਿਰ ਉਥੋਂ ਦੀ ਆ ਰਿਹਾ

ਸੀ ਤਾਂ ਉਹ ਕੁੜੀ ਫਿਰ ਓਥੇ ਹੀ ਬੈਠੀ ਰੋ ਰਹੀ ਸੀ। ਜੱਸੀ ਫਿਰ ਕੋਲੋ ਦੀ ਹੋ ਕੇ ਲੰਘ ਗਿਆ।

ਥੋੜੀ ਅੱਗੇ ਜਾ ਕੇ ਜੱਸੀ ਦੇ ਮਨ ਵਿਚ ਆਇਆ ਕਦੋ ਦੀ ਇੱਥੇ ਬੈਠੀ ਰੋ ਰਹੀ ਹੈ ਇਕ ਵਾਰ ਪੁੱਛ ਲੈਣੇ ਚਾਹੀਦੇ ਕੀ ਪਤਾ ਕੀ ਗੱਲ ਹੋਈ ਹੋਵੇ ।

ਕੀ ਪਤਾ ਕਿਤੇ ਮੇਰੇ ਵਾਂਗ ਹੀ ਘਰੋਂ ਔਖੇ ਹਾਲਾਤਾਂ ਵਿਚੋ ਨਿਕਲ ਕੇ ਨਾ ਪੜ੍ਹਨ ਆਈ ਹੋਵੇ, ਸ਼ਾਇਦ ਕਿਸੇ ਚੀਜ਼ ਦੀ ਲੋੜ ਹੋਵੇ ਇਹੀ ਸਭ ਸੋਚਦਿਆਂ ਜੱਸੀ ਨੇ ਪਿੱਛੇ ਮੁੜਨਾ ਸਹੀ ਸਮਝਿਆ।

ਜੱਸੀ ਫਿਰ ਵਾਪਿਸ ਪੁੱਛਣ ਲਈ ਪੌੜੀਆਂ ਤੇ ਵਾਪਿਸ ਚਲੇ ਗਿਆ। ਕੁੜੀ ਕੋਲ ਜਾ ਕੇ ਪੁੱਛਿਆ.....!

ਕੀ ਹੋਇਆ ਤੁਹਾਨੂੰ , ਤੁਸੀ ਕਦੋ ਦੇ ਇਥੇ ਬੈਠੇ ਰੋ ਰਹੇ ਹੋ ਕੋਈ ਪ੍ਰੇਸ਼ਾਨੀ ਹੈ...?

ਕੁੜੀ ਅੱਖਾਂ ਨੂੰ ਦੋਵੇਂ ਹੱਥਾਂ ਨਾਲ ਸਾਫ ਕਰਦੀ ਹੋਈ ਬੋਲੀ .....ਨਹੀਂ ਮੈਂ ਠੀਕ ਹਾਂ।

ਠੀਕ ਹੋ ਤਾਂ ਫਿਰ ਰੋ ਕਿਉਂ ਰਹੇ ਹੋ ਜੱਸੀ ਨੇ ਇਕ ਵਾਰ ਫਿਰ ਪੁੱਛਿਆ ਕੀ ਹੋਇਆ, ਕੀ ਮੈਂ ਤੁਹਾਡੀ ਕੋਈ ਹੈਲਪ ਕਰ ਸਕਦਾ

ਹਾਂ....?? ਪਲੀਜ਼ ਤੁਸੀ ਮੈਨੂੰ ਦੱਸ ਸਕਦੇ ਹੋ।

ਸ਼ਾਇਦ ਉਹ ਕੁੜੀ ਕਿਸੇ ਹਸਪਤਾਲ ਤੋਂ ਆਈ ਸੀ ਉਸਦੇ ਹੱਥ ਵਿਚ ਕੋਈ ਟੈਸਟ ਰਿਪੋਰਟ ਫ਼ੜੀ ਹੋਈ ਸੀ। ਸ਼ਾਇਦ ਕਿਸੇ ਬਿਮਾਰੀ ਦੀ।

ਜੱਸੀ ਦੇ ਇਕ ਦੋ ਵਾਰ ਪੁੱਛਣ ਤੇ ਕੁੜੀ ਨੇ ਦੱਸਿਆ.... ਕੁਝ ਨਹੀਂ ਮੇਰੀ ਸਿਹਤ ਠੀਕ ਨਹੀਂ ਸੀ ਇਸ ਲਈ ਡਾਕਟਰ ਨੇ ਕੁਝ ਟੈਸਟ ਕਰਾਉਣ ਲਈ ਕਿਹਾ ਸੀ।

ਫਿਰ ਇਸ ਚ ਰੋਣ ਵਾਲੀ ਕੀ ਗੱਲ ਹੈ, ਟੈਸਟ ਕਰਾਉਣੇ ਤਾਂ ਸਹੀ ਸਲਾਹ ਸੀ ਡਾਕਟਰ ਦੀ, ਅਗਰ ਕੋਈ ਪ੍ਰੌਬਲਮ ਹੋਈ ਵੀ ਤਾਂ ਠੀਕ ਹੋ ਜਾਵੇਗੀ ਜਲਦੀ ਜੱਸੀ ਨੇ ਦਿਲਾਸਾ ਦਿੰਦਿਆਂ ਕਿਹਾ।

ਕੁੜੀ ਨੇ ਰੋਂਦੀ ਹੋਈ ਨੇ ਕਿਹਾ..... ਪ੍ਰੌਬਲਮ ਵੱਡੀ ਆ।

ਜੱਸੀ ਨੇ ਪੁੱਛਿਆ .......ਫਿਰ ਵੀ ਕੀ ਆਇਆ ਟੈਸਟ ਰਿਪੋਰਟ ਵਿਚ ਤੁਸੀ ਮੈਨੂੰ ਦੱਸ ਸਕਦੇ ਹੋ ।

ਹੰਝੂ ਸਾਫ ਕਰਦੀ ਕੁੜੀ ਬੋਲੀ......ਥਾਇਰਾਇਡ ਹੈ, ਇਕ ਦੋ ਹੋਰ ਪ੍ਰੌਬਲਮ ਨੇ।

ਉਹ ਕੋਈ ਗੱਲ ਨਹੀਂ ਐਨੀ ਵੀ ਵੱਡੀ ਪ੍ਰੌਬਲਮ ਨਹੀਂ ਆ ਇਸਦਾ

ਇਲਾਜ਼ ਹੈ, ਥੋੜਾ ਟਾਈਮ ਦਵਾਈ ਖਾਓ ਠੀਕ ਹੋ ਜਾਣਾ, ਅਗਰ ਡਾਕਟਰ ਕਹਿਣਗੇ ਤਾਂ ਅਪ੍ਰੇਸ਼ਨ ਕਰਨ ਨਾਲ ਠੀਕ ਹੋ ਜਾਵੇਗਾ।

ਵਾਹਿਗੁਰੂ ਜੀ ਤੇ ਯਕੀਨ ਰੱਖੋ ਸਭ ਠੀਕ ਹੋ ਜਾਵੇਗਾ.... ਜੱਸੀ ਨੇ ਆਪਣੇ ਵੱਲੋਂ ਬਹੁਤ ਹੌਸਲਾ ਦਿੱਤਾ ਕੁੜੀ ਨੂੰ।

ਦਰਦ ਭਰੀ ਆਵਾਜ਼ ਵਿਚ ਹਮਮਮਮ ਕਹਿ ਕੇ ਕੁੜੀ ਫਿਰ ਰੋਣ ਲੱਗੀ।

ਜੱਸੀ ਫਿਰ ਹੌਸਲਾ ਜਿਹਾ ਦਿੰਦਾ ਹੋਇਆ ਕਹਿਣ ਲੱਗਾ......ਤੁਸੀ ਰੋਵੋ ਨਾ ਪਲੀਜ਼ ਸਭ ਠੀਕ ਹੋ ਜਾਵੇਗਾ, ਤੁਸੀ ਇਥੇ ਹੀ ਪੜ੍ਹ ਦੇ ਹੋ...???

ਕੁੜੀ ਨੇ ਸਿਰ ਜਿਹਾ ਹਿਲਾ ਕੇ ਕਿਹਾ....ਹਾਂਜੀ ।

ਰਹਿੰਦੇ ਕਿੱਥੇ ਹੋ ਤੁਸੀ...???

ਜੱਸੀ ਵੱਲ ਦੇਖਦੀ ਹੋਈ ਬੋਲੀ......ਇਥੇ ਹੀ ਹੋਸਟਲ ਵਿਚ ।

ਅੱਛਾ ਜੀ ਠੀਕ ਆ ਕੋਈ ਨਾ ਤੁਸੀ ਫ਼ਿਕਰ ਨਾ ਕਰੋ ਸਭ ਠੀਕ ਹੋ ਜਾਣਾ ਐਨਾ ਕਹਿ ਜੱਸੀ ਤੁਰਨ ਲੱਗਾ।

ਜੱਸੀ ਨੂੰ ਤੁਰਨ ਲੱਗਿਆ ਦੇਖ ਕੁੜੀ ਬੋਲੀ.....ਮੈਂ ਕਦੇ ਕਦੇ ਇੱਕ ਦਮ

ਬਿਮਾਰ ਹੋ ਜਾਂਦੀ ਹਾਂ ਇੱਥੇ ਕੋਈ ਦੇਖਣ ਵਾਲਾ ਵੀ ਨਹੀਂ ਹੁੰਦਾ ਕਿਸੇ ਵੇਲੇ।

ਜੱਸੀ ਨੇ ਫਿਰ ਪੈਰ ਪਿੱਛੇ ਨੂੰ ਮੋੜੇ.... ਕੀ ਨਾਮ ਆ ਤੁਹਾਡਾ...???

ਜੀ....ਸੋਨੀਆ । ਨਾਲ ਹੀ ਕੁੜੀ ਨੇ ਵੀ ਪੁੱਛ ਲਿਆ ਤੇ ਤੁਹਾਡਾ ਨਾਮ....????

ਮੇਰਾ ਨਾਮ ਜਸਪ੍ਰੀਤ । ਮੇਰਾ ਫੋਨ ਨੰਬਰ ਲੈ ਲਓ ਤੁਸੀ, ਜਦੋਂ ਕਦੇ ਕੋਈ ਪ੍ਰੌਬਲਮ ਹੋਵੇ ਤਾਂ ਤੁਸੀ ਮੈਨੂੰ ਫੋਨ ਕਰ ਲਿਆ ਕਰਿਓ, ਮੈਂ ਵੀ ਇਥੇ ਨੇੜੇ ਹੀ ਪੀ:ਜੀ: ਵਿਚ ਰਹਿੰਦਾ।

ਆਪਣਾ ਫੋਨ ਨੰਬਰ ਦੇ ਕੇ ਕੁੜੀ ਨੂੰ ਜੱਸੀ ਉਥੋਂ ਚਲੇ ਗਿਆ।

ਕੁਝ ਦਿਨ ਬੀਤੇ ਜੱਸੀ ਨੂੰ ਸੋਨੀਆ ਦਾ ਫੋਨ ਆਇਆ....!

ਜਸਪ੍ਰੀਤ ,ਮੈਂ ਸੋਨੀਆ ਬੋਲ ਰਹੀ ਹਾਂ।

ਹਾਂਜੀ ਹਾਂਜੀ ਕਿਵੇਂ ਹੋ ਤੁਸੀ ਜੱਸੀ ਨੇ ਫਟਾਫਟ ਪੁੱਛਿਆ।

ਮੈਂ ਠੀਕ ਨਹੀਂ ਹਾਂ ਕੀ ਤੁਸੀ ਮੇਰੇ ਨਾਲ ਦਵਾਈ ਲੈਣ ਲਈ ਜਾ ਸਕਦੇ ਹੋ...???

ਠੀਕ ਹੈ ਮੈਂ ਆਉਂਦਾ ਹਾਂ ਜੱਸੀ ਨੇ ਐਨਾ ਕਹਿ ਫੋਨ ਕੱਟ ਦਿੱਤਾ।

ਜੱਸੀ ਦਵਾਈ ਦਵਾ ਕੇ ਸੋਨੀਆ ਨੂੰ ਫਿਰ ਵਾਪਿਸ ਹੋਸਟਲ ਛੱਡ ਆਇਆ।

ਕੁਝ ਕੇ ਦਿਨਾਂ ਵਿਚ ਹੀ ਜੱਸੀ ਤੇ ਸੋਨੀਆ ਵਧੀਆ ਦੋਸਤ ਬਣ ਗਏ, ਜਸਪ੍ਰੀਤ ਹਮੇਸ਼ਾ ਸੋਨੀਆ ਦੀ ਹੈਲਪ ਕਰਦਾ। ਹੁਣ ਦੋਨੋ ਫੋਨ ਤੇ ਬਿਨਾ ਮਤਲਬ ਦੇ ਵੀ ਗੱਲ ਕਰ ਲੈਂਦੇ ਸੀ। ਇਕੱਠੇ ਚਾਹ ਪਾਣੀ ਵੀ ਪੀ ਲੈਂਦੇ ਸੀ।

ਇਕ ਦੂਜੇ ਨਾਲ ਪੜਾਈ ਨੂੰ ਲੈਕੇ ਵੀ ਗੱਲਬਾਤ ਹੁੰਦੀ ਰਹਿੰਦੀ ਸੀ, ਘਰਦੇ ਹਾਲਾਤਾਂ ਨੂੰ ਲੈਕੇ ਵੀ । ਸੋਨੀਆ ਥੋੜੇ ਜਿਹੇ ਠੀਕ ਘਰ ਤੋਂ ਸੀ ਮਤਲਬ ਕੇ ਅਮੀਰ ਸੀ। ਹੁਣ ਉਹ ਜੱਸੀ ਦੇ ਹਾਲਾਤਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੋ ਗਈ ਸੀ।

ਕੁਝ ਮਹੀਨੇ ਬੀਤੇ ਦੋਵਾਂ ਦੀ ਦੋਸਤੀ ਪਿਆਰ ਵਿਚ ਬਦਲ ਗਈ। ਜੱਸੀ ਆਪਣੀ ਪੜਾਈ ਤੇ ਕੰਮ ਤੇ ਵੀ ਪੂਰਾ ਧਿਆਨ ਦਿੰਦਾ ਸੀ ਤੇ ਉਹ ਸੋਨੀਆ ਨੂੰ ਵੀ ਪੂਰਾ ਟਾਈਮ ਦਿੰਦਾ।

ਸੋਨੀਆ ਅਗਰ ਕਦੇ ਬਿਮਾਰ ਹੋ ਜਾਂਦੀ ਤਾਂ ਉਸਦੀਆਂ ਸਹੇਲੀਆਂ ਜੱਸੀ ਨੂੰ ਫੋਨ ਕਰ ਦਿੰਦੀਆਂ ਜੱਸੀ ਫਟਾਫਟ ਸੋਨੀਆਂ ਨੂੰ ਡਾਕਟਰ ਦੇ

ਕੋਲ ਲੈ ਜਾਂਦਾ , ਬਿਨਾ ਪੈਸਿਆਂ ਦੀ ਪ੍ਰਵਾਹ ਕੀਤੇ, ਕਦੇ ਕਦੇ ਤਾਂ ਜੱਸੀ ਕੋਲ ਬਸ ਖੁਦ ਦੀ ਰੋਟੀ ਜੋਗੇ ਹੀ ਪੈਸੇ ਹੁੰਦੇ ਪਰ ਉਹ ਖੁਦ ਦਾ ਸੋਚੇ ਬਿਨਾ ਹੀ ਸੋਨੀਆ ਨੂੰ ਦਵਾਈ ਦਵਾ ਕੇ ਹੋਸਟਲ ਛੱਡ ਆਉਂਦਾ।

ਇਕ ਦਿਨ ਗੱਲ ਕਰਦਿਆਂ ਸੋਨੀਆ ਨੇ ਜੱਸੀ ਨੂੰ ਕਿਹਾ .... ਜੱਸੀ ਕੀ ਤੁਹਾਡੇ ਘਰਦੇ ਮੈਨੂੰ ਅਪਣਾ ਲੈਣਗੇ...????

ਹਾਂ ਯਾਰ ਕਿੱਦਾ ਦੀਆਂ ਗੱਲਾਂ ਕਰਦੀ ਜੱਸੀ ਨੇ ਕਿਹਾ।

ਸੋਨੀਆਂ ਦਾ ਰੋਣਾ ਨਿਕਲ ਗਿਆ, ਤੁਹਾਨੂੰ ਪਤਾ ਜੱਸੀ ਮੇਰੇ ਕਦੇ ਬੇਬੀ ਨਹੀਂ ਹੋ ਸਕਦਾ ਡਾਕਟਰ ਕਹਿੰਦੇ। ਤੇ ਮੇਰੇ ਨਾਲ ਕਿਸੇ ਨੇ ਵਿਆਹ ਵੀ ਨਹੀਂ ਕਰਾਉਣਾ ।

ਸੋਨੀਆ ਦੀ ਗੱਲ ਸੁਣ ਜੱਸੀ ਦੇ ਹੋਸ਼ ਜਿਹੇ ਉੱਡ ਗਏ, ਪਰ ਸੋਨੀਆ ਨੂੰ ਰੋਂਦੀ ਦੇਖ ਜੱਸੀ ਨੇ ਕਿਹਾ..... ਅੱਛਾ। ਕੋਈ ਕਿਉਂ ਮੈਂ ਹੈਗਾ ਆ ਵਿਆਹ ਕਰਾਉਣ ਨੂੰ ਕੋਈ ਗੱਲ ਨਹੀਂ ਮੈਨੂੰ ਕੋਈ ਪ੍ਰੌਬਲਮ ਨਹੀਂ ਇਸ ਗੱਲ ਤੋਂ ।

ਸੋਨੀਆ ਨੇ ਫਿਰ ਪੁੱਛਿਆ....ਤੁਹਾਡੇ ਘਰਦਿਆਂ ਨੂੰ ਤਾਂ ਹੋਵੇਗੀ..???

ਸੋਨੀਆ ਦੇ ਹੱਥ ਆਪਣੇ ਹੱਥਾਂ ਵਿਚ ਲੈਂਦੇ ਹੋਏ ਜੱਸੀ ਨੇ ਬੜੇ ਪਿਆਰ ਨਾਲ ਕਿਹਾ....ਤੂੰ ਉਹਨਾਂ ਦੀ ਫ਼ਿਕਰ ਨਾ ਕਰ ਮੇਰੀ ਖੁਸ਼ੀ ਵਿੱਚ ਉਹ

ਖੁਸ਼ ਹੋਣਗੇ, ਮੈਂ ਉਹਨਾਂ ਨੂੰ ਮਨਾ ਲਵਾਂਗਾ।

ਪ੍ਰੇਸ਼ਾਨ ਤਾਂ ਹੋਇਆ ਸੀ ਜੱਸੀ ਸੋਨੀਆ ਦੀ ਇਸ ਗੱਲ ਤੋਂ, ਪਰ ਕਰਦਾ ਵੀ ਕੀ ਪਿਆਰ ਵੀ ਤਾਂ ਕਰਦਾ ਸੀ ਉਸ ਲਈ ਸੋਨੀਆ ਜਰੂਰੀ ਸੀ ਬਸ। ਜਿਵੇ ਤਿਵੇਂ ਕਰਕੇ ਜੱਸੀ ਨੇ ਆਪਣੇ ਘਰਦੇ ਵੀ ਰਾਜ਼ੀ ਕਰ ਲਏ ਸੀ।

ਬਸ ਸੋਨੀਆ ਕੋਲੋ ਟਾਈਮ ਮੰਗਿਆ ਸੀ ਘਰ ਬਣਾਉਣ ਤੱਕ ਦਾ, ਤੇ ਆਪਣੀ ਜ਼ਿੰਦਗੀ ਸੈੱਟ ਕਰਨ ਤੱਕ ਦਾ ਕਿਉਂ ਕੇ ਉਸਨੇ ਪੜ੍ਹ ਲਿਖ ਕੇ ਆਪਣੇ ਦਾਦੇ ਦਾ ਸੁਪਨਾ ਵੀ ਪੂਰਾ ਕਰਨਾ ਸੀ ਵਕੀਲ ਬਣਨ ਵਾਲਾ, ਜੱਜ ਵਾਲਾ।

✿✿✿✿✿✿

# ਭਾਗ -16

ਲਗਭਗ ਇਕ ਸਾਲ ਹੋ ਗਿਆ ਸੀ ਦੋਵਾਂ ਦੇ ਰਿਸ਼ਤੇ ਨੂੰ, ਇਕ ਦੂਜੇ ਨੂੰ ਸਮਝਦੇ ਵੀ ਦੋਵਾਂ ਵਿਚ ਪਿਆਰ ਵੀ ਬਹੁਤ ਸੀ। ਜੱਸੀ ਦੀ ਮਿਹਨਤ ਵੀ ਰੰਗ ਲਿਆ ਰਹੀ ਸੀ। ਜੱਸੀ ਆਪਣੀ ਮੰਜਿਲ ਵੱਲ ਅੱਗੇ ਵੱਧ ਰਿਹਾ ਸੀ।

ਕੁਝ ਕੇ ਦਿਨਾਂ ਤੱਕ ਜੱਸੀ ਤੇ ਸੋਨੀਆ ਦੀ ਗੱਲ ਨਹੀਂ ਹੋਈ। ਸੋਨੀਆ ਆਪਣੇ ਪਿੰਡ ਗਈ ਹੋਈ ਸੀ ਜਿਸ ਕਰਕੇ ਜੱਸੀ ਨੇ ਹੀ ਫੋਨ ਨਹੀਂ ਕੀਤਾ।

ਜਦੋ ਕਈ ਦਿਨਾਂ ਤੱਕ ਸੋਨੀਆ ਦਾ ਫੋਨ ਨਾ ਆਇਆ ਤਾਂ ਜੱਸੀ ਨੇ ਕਈ ਵਾਰ ਫੋਨ ਕੀਤਾ ਪਰ ਸੋਨੀਆ ਨੇ ਚੁੱਕਿਆ ਨਹੀਂ,ਜੱਸੀ ਨੇ ਕਾਫ਼ੀ ਮੈਸੇਜ ਵੀ ਕੀਤੇ ਪਰ ਉਹਨਾਂ ਦਾ ਵੀ ਕੋਈ ਜਵਾਬ ਨਾ ਆਇਆ।

ਜੱਸੀ ਨੂੰ ਫ਼ਿਕਰ ਹੋਣ ਲੱਗੀ ਸੋਨੀਆ ਠੀਕ ਵੀ ਹੋਵੇ, ਐਦਾ ਤਾਂ ਉਹ ਐਨੇ ਦਿਨ ਗੱਲ ਕੀਤੇ ਬਿਨਾਂ ਰਹਿਣ ਵਾਲੀ ਨਹੀਂ ਆ।

ਫਿਰ ਵੀ ਜੱਸੀ ਕਾਫ਼ੀ ਦਿਨ ਫੋਨ ਤੇ ਮੈਸੇਜ ਕਰਦਾ ਰਿਹਾ, ਜਿਨ੍ਹਾਂ ਦਾ ਕੋਈ ਜਵਾਬ ਨਾ ਆਉਂਦਾ।

ਫਿਰ ਇਕ ਦਿਨ ਸੋਨੀਆ ਦਾ ਮੈਸੇਜ ਆਇਆ ਸਿਰਫ ਇਹ ਦੱਸਣ ਲਈ ਵੀ ਉਸਦਾ ਰਿਸ਼ਤਾ ਕੈਨੇਡਾ ਹੋ ਗਿਆ, ਮੈਂ ਤਾਂ ਬਹੁਤ ਮਨਾਇਆ ਪਰ ਮੇਰੇ ਡੈਡੀ ਨਹੀਂ ਮੰਨੇ ਕਹਿੰਦੇ ਉਹਨਾਂ ਦੇ ਤਾਂ ਇੱਕ ਮਕਾਨ ਵੀ ਨਹੀਂ ਚੱਜਦਾ, ਮੈਂ ਆਪਣੀ ਧੀ ਉਹਨਾਂ ਦੇ ਘਰੇ ਨਹੀਂ ਵਿਆਹ ਸਕਦਾ , ਮੈਂ ਬਹੁਤ ਕਿਹਾ ਵੀ ਜੱਸੀ ਪੜ੍ਹ ਰਿਹਾ ਉਸਨੇ ਵਕੀਲ ਬਣ ਜਾਣਾ, ਸਭ ਕੁਝ ਬਣਾ ਲੈਣਾ ਉਹਨੇ, ਪਰ ਡੈਡੀ ਕਹਿੰਦੇ ਬਣਿਆ ਥੋੜੀ ਆ ਵਕੀਲ। ਜਦੋ ਬਣੇਗਾ ਤਾਂ ਬਣੇਗਾ ਫਿਲਹਾਲ ਤਾਂ ਉਹਨਾਂ ਦੇ ਪੱਲੇ ਕੱਖ ਨਹੀਂ। ਮੈਨੂੰ ਮਾਫ਼ ਕਰਿਓ ਜੱਸੀ ਮੈਂ ਬਹੁਤ ਕੋਸ਼ਿਸ਼ ਕੀਤੀ ਪਰ ਮੇਰੀ ਇੱਕ ਨਾ ਸੁਣੀ ਘਰਦਿਆਂ ਨੇ।

ਇਸ ਇਕ ਮੈਸੇਜ ਨੇ ਜੱਸੀ ਦੀ ਨੂੰ ਤੋੜ ਕੇ ਰੱਖ ਦਿੱਤਾ, ਉਸਨੂੰ ਯਕੀਨ ਹੀ ਨਹੀਂ ਹੋ ਰਿਹਾ ਸੀ ਵੀ ਸੋਨੀਆ ਉਸਨੂੰ ਛੱਡ ਕੇ ਕਿਸੇ ਹੋਰ ਨਾਲ ਜ਼ਿੰਦਗੀ ਸ਼ੁਰੂ ਕਰ ਰਹੀ ਹੈ । ਉਸਨੂੰ ਹਰ ਉਹ ਪਲ ਯਾਦ ਆ ਰਹੇ ਸੀ ਜਿਨ੍ਹਾਂ ਪਲਾਂ ਵਿਚ ਜੱਸੀ ਨੇ ਸੋਨੀਆ ਦਾ ਸਾਥ ਦਿੱਤਾ ਸੀ।

ਹੁਣ ਜੱਸੀ ਨੂੰ ਸੋਨੀਆ ਦੀ ਉਹ ਗੱਲ ਯਾਦ ਆ ਰਹੀ ਸੀ ਕੇ ਹੁਣ ਕਿਵੇਂ ਕੋਈ ਵਿਆਹ ਕਰਾਉਣ ਲਈ ਤਿਆਰ ਹੋ ਗਿਆ ਉਹ ਵੀ ਕੈਨੇਡਾ ਦਾ। ਮੈਂ ਸਭ ਕੁਝ ਕਰਨ ਲਈ ਤਿਆਰ ਸੀ ਸੋਨੀਆ ਲਈ । ਮੈਨੂੰ ਹਰ ਹਾਲ ਮਨਜੂਰ ਸੀ । ਮੇਰੇ ਘਰਦਿਆਂ ਨੂੰ ਵੀ।

ਇਹ ਆਖਰੀ ਮੈਸੇਜ ਸੀ ਸੋਨੀਆ ਦਾ ਜਿਸ ਤੋਂ ਬਾਅਦ ਨਾ ਕਦੇ ਜੱਸੀ ਦੇ ਮੈਸੇਜ ਦਾ ਜਵਾਬ ਦੇਣਾ ਜਰੂਰੀ ਸਮਝਿਆ, ਬਸ ਹਮੇਸ਼ਾ

ਲਈ ਗੱਲ ਹੋਣੀ ਬੰਦ ਹੋ ਗਈ।

ਜਿੱਥੇ ਜੱਸੀ ਐਨੀ ਵਾਰ ਜ਼ਿੰਦਗੀ ਚ ਟੁੱਟ - ਟੁੱਟ ਕੇ ਹਿੰਮਤ ਜੁਟਾ ਕੇ ਫਿਰ ਤੋਂ ਆਪਣੀ ਮੰਜਿਲ ਵੱਲ ਨੂੰ ਤੁਰ ਪੈਂਦਾ ਸੀ ਇਕ ਵਾਰ ਫਿਰ ਤੋਂ ਉਸ ਜ਼ਿੰਦਗੀ ਨੇ ਜੱਸੀ ਨੂੰ ਤੋੜ ਦਿੱਤਾ।

ਜੱਸੀ ਦਾ ਪੜਾਈ ਵਿੱਚ ਵੀ ਮੰਨ ਨਾ ਲੱਗਣਾ, ਉਸਨੇ ਕੰਮ ਕਰਨਾ ਵੀ ਛੱਡ ਦਿੱਤਾ ਸੀ। ਜੱਸੀ ਉਦਾਸ ਰਹਿਣ ਲੱਗਾ। ਸਭ ਕੁਝ ਭੁੱਲਣ ਲਈ ਜੱਸੀ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ।

ਜੱਸੀ ਭੁੱਲ ਗਿਆ ਸੀ ਉਸਨੇ ਆਪਣੀ ਜ਼ਿੰਦਗੀ ਵਿੱਚ ਕੀ ਕੀ ਹਾਸਿਲ ਕਰਨਾ ਸੀ । ਜਦੋ ਕੇ ਜੱਸੀ ਬਹੁਤ ਕਰੀਬ ਆ ਗਿਆ ਸੀ ਸਭ ਕੁਝ ਹਾਸਿਲ ਕਰਨ ਦੇ।

ਪਰ ਜ਼ਿੰਦਗੀ ਵਾਰ ਵਾਰ ਜੱਸੀ ਨੂੰ ਦੁੱਖਾਂ ਦੇ ਹਨੇਰੇ ਵਿਚ ਧੱਕਦੀ ਰਹਿੰਦੀ। ਜੱਸੀ ਦੀ ਇਥੋਂ ਤੱਕ ਜ਼ਿੰਦਗੀ ਬਸ ਦੁੱਖਾਂ ਵਿਚ ਹੀ ਬੀਤੀ। ਪਰ ਉਹ ਖੁਸ਼ ਸੀ ਸੋਨੀਆ ਨਾਲ ਸਾਰੇ ਦੁੱਖ ਭੁੱਲਾ ਕੇ ਬੈਠਾ ਸੀ। ਉਸਨੂੰ ਕੁਝ ਪਤਾ ਨਹੀਂ ਸੀ ਜ਼ਿੰਦਗੀ ਇਕ ਨਵਾਂ ਦੁੱਖ ਲੈਕੇ ਖੜੀ ਹੈ। ਸੋਨੀਆ ਇਸ ਤਰ੍ਹਾਂ ਛੱਡ ਜਾਵੇਗੀ ਉਸਨੇ ਸੋਚਿਆ ਵੀ ਨਹੀਂ ਸੀ।

ਜੱਸੀ ਨੂੰ ਲਿਖਣ ਦਾ ਸ਼ੌਂਕ ਸੀ ਪਰ, ਕਦੋ ਵੀ ਕਿਤੇ ਵੀ ਬੈਠਾ ਉਹ ਲਿਖ ਲੈਂਦਾ ਸੀ, ਪਰ ਜ਼ਿੰਦਗੀ ਨੇ ਉਸਨੂੰ ਇਸ ਕਦਰ ਉਦਾਸ ਕਰ

ਦਿੱਤਾ ਸੀ ਹੁਣ ਉਹ ਕਦੇ ਕੁਝ ਲਿਖਦਾ ਵੀ ਤਾਂ ਬਸ ਬਿਰਹਾ........!

**ਕੋਈ ਸਿਖਾ ਦੋ ਮੈਨੂੰ,**
**ਕੇ ਭੁੱਲਿਆ ਕਿੱਦਾਂ ਜਾਂਦਾ**
**ਇਕ ਨੂੰ ਦਿਲ ਚੋਂ ਕੱਢ ਕੇ**
**ਗੈਰ ਤੇ ਡੁੱਲਿਆ ਕਿੱਦਾਂ ਜਾਂਦਾ**
**ਇਹ ਜਿੰਦਗੀ ਦੀਆਂ ਤਕਲੀਫ਼ਾਂ ਨੂੰ**
**ਮਾਰ ਮਾਰ ਕੇ ਠੋਕਰਾਂ**
**ਨਵੀਂ ਜ਼ਿੰਦਗੀ ਬਣਾਉਣ ਲਈ**
**ਹਾਸਿਆਂ ਨਾਲ ਖੁੱਲਿਆ ਕਿੱਦਾਂ ਜਾਂਦਾ**
**ਨਾਲ ਰਹਿਣ ਦੇ ਸੁਪਨੇ ਬੁਣ ਬੁਣ,**
**ਛੱਡ ਜਾਂਦੇ ਨੇ ਲੋਕ ਸਮਝ ਨੀ ਆਉਂਦੀ**
**ਇਕ ਨੂੰ ਉਜਾੜ ਕੇ ਦੂਜੇ ਨਾਲ**
**ਵੱਸਿਆ ਕਿੱਦਾਂ ਜਾਂਦਾ**
**ਇਹ ਮਤਲਬੀ ਦੁਨੀਆ ਚ,**
**ਵਫਾਦਾਰੀ ਨਾਂ ਦੀ ਚੀਜ਼ ਨੀ ਰਹੀ**
**ਤੇ ਅਸੀਂ ਕਮਲੇ ਅੱਜ ਤੱਕ ਨੀ ਸਮਝੇ**
**ਇਹ ਬੇਵਫ਼ਾਈ ਦਾ ਸ਼ਿਕੰਜਾ**
**ਕੱਸਿਆ ਕਿੱਦਾਂ ਜਾਂਦਾ**

........ਜੱਸੀ......

ਜੱਸੀ ਪਿੰਡ ਜਾਂਦਾ ਤਾਂ ਵੀ ਸ਼ਰਾਬ ਪੀਣ ਤੋਂ ਨਾ ਹੱਟਦਾ। ਜੱਸੀ ਦੇ ਦੋਸਤ ਜੱਸੀ ਦਾ ਬਹੁਤ ਸਾਥ ਦਿੰਦੇ,ਉਸਨੂੰ ਬਹੁਤ ਸਮਝਾਉਂਦੇ।

ਸਭ ਦੇ ਸਮਝਾਉਣ ਤੇ ਥੋੜਾ ਮਾਂ ਦੇ ਖਿਆਲ ਕਰਕੇ ਜੱਸੀ ਨੇ ਥੋੜਾ ਖੁਦ ਨੂੰ ਸੰਭਾਲਿਆ ਤੇ ਮੁੜ ਆਪਣੀ ਪੜਾਈ ਤੇ ਧਿਆਨ ਦੇਣਾ ਸ਼ੁਰੂ ਕੀਤਾ।

ਉਹ ਕਿੰਨਾ ਵੀ ਧਿਆਨ ਲਗਾਉਂਦਾ ਸੀ ਪੜਾਈ ਵਿਚ ਪਰ ਬੀਤਿਆ ਹੋਇਆ ਵਕਤ ਐਨੀ ਜਲਦੀ ਭੁੱਲਦਾ, ਜਦੋਂ ਕਦੇ ਵੀ ਜੱਸੀ ਉਦਾਸ ਹੁੰਦਾ ਤਾਂ ਕੁਝ ਦਿਲ ਦਾ ਦਰਦ ਪੰਨੇ ਤੇ ਉਲੀਕ ਹੀ ਦਿੰਦਾ.....!

ਬਹੁਤਾ ਨੀ ਤਾਂ ਥੋੜਾ ਥੋੜਾ ਲੋਚਦੀ ਤਾਂ ਹੋਉਗੀ
ਲਿਖ ਲਿਖ ਨਾਮ ਮੇਰਾ ਮਹਿੰਦੀ ਨਾਲ ਪੋਚਦੀ ਤਾਂ ਹੋਊਗੀ
ਸੋਚਦੀ ਹੋਉਗੀ ਉਹ ਮੇਰੇ ਬਾਰੇ ਕਿੰਨਾ ਹੀ ਕੁਝ

ਫੇਰ ਸਧਰਾਂ ਵੀਰਾਨ ਕਰ ਅੱਗ ਭੱਠੀ ਝੋਕਦੀ ਤਾਂ ਹੋਊਗੀ
ਕਾਤਿਲ ਤਾਂ ਜਰੂਰ ਹੋਇਆ ਮੈਂ ਉਹਦਿਆਂ ਅਰਮਾਨਾਂ ਦਾ
ਡਰ ਨ੍ਹੀ ਮੈਨੂੰ ਕੋਈ

ਬੱਸ ਸੌਦਾ ਨਹੀਂ ਸੀ ਹੋਇਆ ਮੇਰੇ ਕੋਲੇ ਮੇਰਿਆਂ ਈਮਾਨਾਂ ਦਾ ਸੋਚਦੀ ਤਾਂ ਹੋਉਗੀ ਕੇ ਕਿੱਦਾਂ ਦਾ ਇਹ ਇਨਸਾਨ ਹੋਇਆ ਚੜ੍ਹਦੀ ਜਵਾਨੀ ਵਿਚ ਰੰਗ ਜਵਾਨੀ ਦਾ ਨਾ ਮਾਣ ਹੋਇਆ

ਲੱਖਾਂ ਹੀ ਸਵਾਲ ਕਰ ਆਪ ਬੋਝਦੀ ਤਾਂ ਹੋਊਗੀ
ਮੇਰੇ ਬਾਰੇ ਚ ਉਹ ਸੋਚਦੀ ਤਾਂ ਹੋਊਗੀ।

.......ਜੱਸੀ.....

✿✿✿✿✿✿✿

# ਭਾਗ -17

ਚੰਗੇ ਮਾੜੇ ਹਾਲਾਤਾਂ ਵਿੱਚੋਂ ਲੰਘਦਾ ਹੋਇਆ ਜੱਸੀ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਵੱਲ ਵੱਧ ਰਿਹਾ ਸੀ ਭਾਵੇਂ ਕੇ ਕੁਝ ਸੁਪਨੇ ਉਸਦੇ ਕਦੇ ਪੂਰੇ ਨਹੀਂ ਹੋਣੇ ਸੀ ਜਿਹੜੇ ਅੱਧ ਵਿਚਕਾਰ ਟੁੱਟ ਗਏ ਸੀ।

ਪੜ੍ਹਾਈ ਕਰਨ ਵਿਚ ਅਜੇ ਵੀ ਜੱਸੀ ਨੂੰ ਬਹੁਤ ਔਕੜਾਂ ਆ ਰਹੀਆਂ ਸੀ। ਜੱਸੀ ਦੀ ਫੀਸ ਭਰਨ ਲਈ ਜੱਸੀ ਦੀ ਮੰਮੀ ਨੇ ਜੋ ਮੱਝਾਂ ਰੱਖੀਆਂ ਸੀ ਉਹ ਵੀ ਵੇਚ ਦਿੱਤੀਆਂ। ਆਪਣੀਆਂ ਸੋਨੇ ਦੀਆਂ ਬਾਲੀਆਂ ਵੀ ਵੇਚ ਦਿੱਤੀਆਂ।

ਦਿਨ ਰਾਤ ਕੀਤੀ ਜੱਸੀ ਦੀ ਮਿਹਨਤ ਰੰਗ ਲਿਆਈ, ਜੱਸੀ ਨੇ ਪੰਜ ਸਾਲ ਮਿਹਨਤ ਕਰਕੇ ਵਕਾਲਤ ਦੀ ਪੜਾਈ ਪੂਰੀ ਕਰ ਲਈ ।

ਪੜ੍ਹਾਈ ਭਾਵੇਂ ਪੂਰੀ ਕਰ ਲਈ ਸੀ ਪਰ ਅਜੇ ਵੀ ਜੱਸੀ ਦੇ ਘਰਦੇ ਹਾਲਾਤ ਓਵੇਂ ਦੇ ਹੀ ਸੀ। ਬਹੁਤ ਸਾਰਾ ਪੈਸਾ ਜੱਸੀ ਦੀ ਪੜ੍ਹਾਈ ਤੇ ਲੱਗ ਗਿਆ ਸੀ ।
ਅਜੇ ਜੱਸੀ ਦੀ ਪਰੈਕਟਿਸ ਸ਼ੁਰੂ ਹੋਣੀ ਸੀ, ਥੋੜੀ ਹੋਰ ਮਿਹਨਤ ਨਾਲ ਜੱਸੀ ਦੀ ਪ੍ਰੈਕਟਸ ਵੀ ਕਿਸੇ ਵਧੀਆ ਵਕੀਲ ਨਾਲ ਸ਼ੁਰੂ ਹੋ ਗਈ।

ਜੱਸੀ ਨੂੰ ਬੱਸ ਵਿਚ ਆਉਣ ਜਾਣ ਕਰਕੇ ਕਾਫ਼ੀ ਮੁਸ਼ਕਿਲ ਹੋਣ

ਲੱਗੀ, ਉਹ ਜਿਆਦਾ ਤਰ ਲੇਟ ਹੋ ਜਾਂਦਾ ਸੀ। ਜਿਸ ਕਰਕੇ ਜੱਸੀ ਨੇ ਨਵਾਂ ਮੋਟਸਾਈਕਲ ਲੈ ਲਿਆ ।

ਜਦੋਂ ਜੱਸੀ ਦੀ ਮੰਮੀ ਮੋਟਸਾਈਕਲ ਦੀ ਖੁਸ਼ੀ ਦੇ ਲੱਡੂ ਜੱਸੀ ਦੀ ਚਾਚੀ ਦੇ ਘਰ ਦੇਣ ਗਈ ਤਾਂ ਜੱਸੀ ਦੀ ਚਾਚੀ ਨੇ ਜੱਸੀ ਦੀ ਮੰਮੀ ਦੇ ਹੱਥੋ ਲੱਡੂ ਫੜੇ ਹੀ ਨਾ, ਸਗੋਂ ਗੱਲੀ ਬਾਤੀ ਮਿਹਣਾ ਜਰੂਰ ਮਾਰ ਦਿੱਤਾ....." ਅਸੀ ਚਿੱਟੀਆਂ ਗੱਡੀਆਂ ਵਿਚ ਬੈਠਣ ਵਾਲੇ , ਅਸੀਂ ਨੀ ਖਾਂਦੇ ਕਾਲੇ ਮੋਟਸਾਈਕਲਾਂ ਦੇ ਲੱਡੂ, ਅਸੀਂ ਤਾਂ ਚਿੱਟੀਆਂ ਗੱਡੀਆਂ ਦੇ ਲੱਡੂ ਖਾਂਦੇ ਆ" ।

ਕਿਉਂਕਿ ਜੱਸੀ ਨੇ ਕਾਲੇ ਰੰਗ ਦਾ ਮੋਟਸਾਈਕਲ ਲਿਆ ਸੀ ਤੇ ਜੱਸੀ ਦੀ ਚਾਚੀ ਹੋਣੀ ਚਿੱਟੇ ਰੰਗ ਦੀ ਗੱਡੀ। ਤੇ ਜੱਸੀ ਦੀ ਮੰਮੀ ਓਨੀ ਪੈਰੀ ਵਾਪਿਸ ਘਰੇ ਆ ਗਈ।

ਜੱਸੀ ਨੇ ਆਪਣੀ ਮੰਮੀ ਦਾ ਉਦਾਸ ਚਿਹਰਾ ਦੇਖ ਕੇ ਤੇ ਹੱਥ ਵਿਚ ਲੱਡੂ ਫੜੇ ਦੇਖ ਕੇ ਪੁੱਛਿਆ ਕੀ ਹੋਇਆ ....???

ਤਾਂ ਜੱਸੀ ਦੀ ਮੰਮੀ ਨੇ ਸਾਰੀ ਗੱਲ ਦੱਸੀ ਤਾਂ ਜੱਸੀ ਨੇ ਇਹ ਗੱਲ ਮੰਨ ਵਿਚ ਸੋਚ ਲਈ ਗੱਡੀ ਛੇਤੀ ਹੀ ਲੈਣੀ ਉਹ ਵੀ ਚਿੱਟੇ ਰੰਗ ਦੀ ਹੀ। ਬਸ ਮਿਹਨਤ ਹੋਰ ਵੀ ਜਿਆਦਾ ਕਰਨ ਦੀ ਲੋੜ ਹੈ। ਹੁਣ ਮੈਂ ਆਪਣੀ ਮਿਹਨਤ ਵਿਚ ਕੋਈ ਕਮੀਂ ਨਹੀਂ ਛੱਡਣੀ।

ਪਹਿਲਾਂ ਵੀ ਜੱਸੀ ਬਹੁਤ ਮੰਨ ਚਿੱਤ ਲਗਾ ਕੇ ਦਿਨ ਰਾਤ ਮਿਹਨਤ ਕਰਦਾ ਸੀ ਜਿਸ ਦਾ ਫ਼ਲ਼ ਉਸਨੂੰ ਪੜਾਈ ਪੂਰੀ ਹੋਣ ਦੇ ਰੂਪ ਵਿਚ ਮਿਲਿਆ ਸੀ। ਹੁਣ ਵੀ ਜੱਸੀ ਬਹੁਤ ਮਿਹਨਤ ਕਰਨ ਲੱਗਾ।

ਜੱਸੀ ਨੂੰ ਬਹੁਤ ਵਧੀਆ ਵਕੀਲ ਨਾਲ ਪਰੈਕਟਿਸ ਕਰਨ ਲਈ ਮਿਲ ਗਈ। ਜੱਸੀ ਨੂੰ ਹੌਲੀ ਹੌਲੀ ਵਧੀਆ ਕੰਮ ਮਿਲਣ ਲੱਗ ਗਿਆ। ਚਾਰ ਪੈਸੇ ਵੀ ਬਣਨ ਲੱਗ ਗਏ ।

ਦਿਨ ਰਾਤ ਕੀਤੀ ਹੋਈ ਮਿਹਨਤ ਜੱਸੀ ਨੂੰ ਤਰੱਕੀ ਦੇ ਰਾਹ ਵੱਲ ਨੂੰ ਲੈਕੇ ਤੁਰਨ ਲੱਗੀ। ਜੱਸੀ ਨੇ ਛੇਤੀ ਹੀ ਗੱਡੀ ਲੈਣੇ ਦਾ ਵਿਚਾਰ ਬਣਾ ਲਿਆ।

ਇੱਕ ਦਿਨ ਜੱਸੀ ਆਪਣੇ ਛੋਟੇ ਭਰਾ ਨੂੰ ਨਾਲ ਲੈਕੇ ਕਾਰ ਏਜੰਸੀ ਚਲੇ ਗਿਆ। ਇਹੀ ਸੋਚ ਕੇ ਵੀ ਸੈਕਿੰਡ ਹੈਂਡ ਗੱਡੀ ਲੈ ਲੈਂਦੇ ਹਾਂ, ਨਵੀਂ ਫਿਰ ਲੈ ਲਵਾਂਗੇ ਜਦੋਂ ਕੰਮ ਵਧੀਆ ਚੱਲ ਪਿਆ।

ਦੋਨੋ ਭਰਾ ਕਾਰ ਏਜੰਸੀ ਵਿਚ ਗਏ ਤੇ ਉਹਨਾਂ ਨੂੰ ਕਿਹਾ ਅਸੀ ਸੈਕਿੰਡ ਹੈਂਡ ਗੱਡੀ ਲੈਣੀ ਚਿੱਟੇ ਰੰਗ ਦੀ। ਏਜੰਸੀ ਵਾਲਿਆਂ ਕੋਲ ਸੈਕਿੰਡ ਹੈਂਡ ਚਿੱਟੇ ਰੰਗ ਦੀ ਗੱਡੀ ਕੋਈ ਵੀ ਨਹੀਂ ਸੀ।

ਏਜੰਸੀ ਵਾਲੇ ਕਾਲੇ ਰੰਗ ਦੀ ਗੱਡੀ ਦੇ ਰਹੇ ਸਨ ਸੈਕਿੰਡ ਹੈਂਡ, ਪਰ ਜੱਸੀ ਦੀ ਜ਼ਿੱਦ ਸੀ ਗੱਡੀ ਲੈਣੀ ਤਾਂ ਚਿੱਟੇ ਰੰਗ ਦੀ ਹੀ ਲੈਣੀ ।ਚਾਚੀ

ਦੇ ਬੋਲਾਂ ਤੇ ਫੁੱਲ ਵੀ ਚੜਾਉਣੇ ਸੀ, ਚਿੱਟੀ ਗੱਡੀ ਦੇ ਲੱਡੂ ਜੋ ਖਾਂਦੀ ਸੀ ਉਹ।

ਏਜੰਸੀ ਵਿਚ ਖੜੀ ਇਕ ਚਿੱਟੇ ਰੰਗ ਦੀ ਨਵੀਂ ਗੱਡੀ ਤੇ ਜੱਸੀ ਦੀ ਨਜ਼ਰ ਵਾਰ ਵਾਰ ਜਾ ਰਹੀ ਸੀ। ਪਰ ਲੈਣ ਤਾਂ ਉਹ ਸੈਕਿੰਡ ਹੈਂਡ ਗੱਡੀ ਹੀ ਆਇਆ ਸੀ। ਪੈਸੇ ਵੀ ਉਸ ਕੋਲ ਬਸ ਐਨੇ ਕੇ ਹੀ ਸੀ। ਪਰ ਸੈਕਿੰਡ ਹੈਂਡ ਚਿੱਟੇ ਰੰਗ ਦੀ ਗੱਡੀ ਏਜੰਸੀ ਵਿਚ ਕੋਈ ਹੈ ਹੀ ਨਹੀਂ ਸੀ। ਤੇ ਖਾਲੀ ਮੁੜਨੇ ਦਾ ਜੱਸੀ ਦਾ ਦਿਲ ਨਹੀਂ ਕਰਦਾ ਸੀ।

ਥੋੜਾ ਜਿਹਾ ਟਾਈਮ ਦਿਲ ਦਿਮਾਗ਼ ਨਾਲ ਜੱਦੋ ਜਹਿਦ ਕਰਨ ਤੋਂ ਬਾਅਦ ਜੱਸੀ ਨੇ ਨਵੀਂ ਗੱਡੀ ਲੈਣੇ ਦਾ ਮਨ ਬਣਾ ਲਿਆ। ਸਾਰਾ ਪੇਪਰਵਰਕ ਕਰਕੇ ਤੇ ਨਵੀਂ ਗੱਡੀ ਲੈਕੇ ਘਰੇ ਦੋਨੋਂ ਭਰਾ ਘਰੇ ਆ ਗਏ।

ਜਦੋਂ ਜੱਸੀ ਤੇ ਜੱਸੀ ਦਾ ਭਰਾ ਗੱਡੀ ਲੈਕੇ ਆਏ ਤਾਂ ਜੱਸੀ ਦੀ ਮੰਮੀ ਤੇਲ ਲੈਕੇ ਬੂਹੇ ਵਿਚ ਖੜੀ ਸੀ। ਜੱਸੀ ਦੀ ਮੰਮੀ ਨੂੰ ਕੋਈ ਖ਼ਬਰ ਨਹੀਂ ਸੀ ਕੇ ਇਹ ਨਵੀਂ ਗੱਡੀ ਹੀ ਲੈਕੇ ਆ ਜਾਣਗੇ।

ਜਦੋ ਜੱਸੀ ਨੇ ਚਿੱਟੇ ਰੰਗ ਦੀ ਨਵੀਂ ਗੱਡੀ ਵਿਹੜੇ ਵਿਚ ਲਿਆ ਕੇ ਖੜੀ ਕੀਤੀ ਤਾਂ ਜੱਸੀ ਦੀ ਮੰਮੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਜੱਸੀ ਦੀ ਮੰਮੀ ਰੋਣ ਲੱਗੀ। ਆਪਣੀ ਮੰਮੀ ਨੂੰ ਰੋਂਦੇ ਦੇਖ ਜੱਸੀ ਦੀਆਂ ਵੀ ਅੱਖਾਂ ਭਰ ਆਈਆਂ।

ਫਟਾਫਟ ਜੱਸੀ ਆਪਣੀ ਮੰਮੀ ਦੇ ਗਲ਼ ਲੱਗ ਗਿਆ। ਬਹੁਤ ਦੁੱਖਾਂ ਦੇ ਬਾਅਦ ਕੋਈ ਖੁਸ਼ੀ ਦੀ ਘੜੀ ਆਈ ਸੀ ਉਹਨਾਂ ਦੇ ਘਰੇ। ਉਹ ਵੀ ਜੱਸੀ ਦੀ ਮਿਹਨਤ ਦੀ ਕਮਾਈ ਨਾਲ।

ਜੱਸੀ ਦੀ ਚਿੱਟੀ ਗੱਡੀ ਦੇ ਲੱਡੂ , ਪਤਾ ਨਹੀਂ ਚਿੱਟੀਆਂ ਗੱਡੀਆਂ ਦੇ ਲੱਡੂ ਖਾਣ ਦੇ ਸ਼ੌਕੀਨ ਸ਼ਰੀਕੇ ਦੇ ਗਲੇ ਵਿਚੋਂ ਉਤਰੇ ਕੇ ਨਹੀਂ। ਹਜ਼ਮ ਵੀ ਹੋਏ ਕੇ ਨਹੀਂ ।

ਜੱਸੀ ਮਿਹਨਤ ਕਰਦਾ ਗਿਆ। ਸਮਾਂ ਸ਼ਰੀਕੇ ਨੂੰ ਤੇ ਬੇਕਦਰੀ ਕਰਨ ਵਾਲਿਆ ਨੂੰ ਜਵਾਬ ਦਿੰਦਾ ਗਿਆ। ਆ ਰਿਹਾ ਚੰਗਾ ਸਮਾਂ ਇਹ ਸਾਬਿਤ ਕਰ ਰਿਹਾ ਸੀ ਰੱਬ ਸਭ ਦਾ ਹੁੰਦਾ ਹੈ। ਦਿਲ ਦੁਖਾਉਣ ਵਾਲਿਆਂ ਨੂੰ ਵੀ ਜਵਾਬ ਉਹ ਰੱਬ ਹੀ ਦੇਣ ਲੱਗਾ।

✿✿✿✿✿✿

# ਭਾਗ 18

ਇਕ ਦੋ ਕੇ ਸਾਲ ਦੇ ਸਮੇਂ ਵਿਚ ਹੀ  ਜੱਸੀ ਵਧੀਆ ਵਕੀਲ ਬਣ ਗਿਆ। ਜੱਸੀ ਨੂੰ ਬਹੁਤ  ਕੰਮ ਮਿਲਣ ਲੱਗ ਗਿਆ।ਜੱਸੀ ਦਾ ਨਾਮ ਕਾਫੀ ਬਣ ਚੁੱਕਾ ਸੀ। ਹੁਣ ਜੱਸੀ ਨੂੰ ਕਾਫੀ ਸਮਾਜਿਕ ਪ੍ਰੋਗਰਾਮ ਵਿੱਚ ਲੋਕ  as a chief guest  ਵੀ ਬੁਲਾਉਣ ਲੱਗੇ ਤਾਂ ਕਿ ਜੱਸੀ ਨੂੰ ਦੇਖ ਕੇ ਬੱਚੇ ਕੁਝ ਸਿੱਖ ਸਕਣ।

ਪਹਿਲਾਂ ਤਾਂ ਜੱਸੀ ਦੇ ਪਿੰਡ ਵਾਲਿਆਂ ਨੇ ਹੀ ਜੱਸੀ ਦੇ ਮਾਣ ਸਨਮਾਨ ਲਈ ਇਕ ਪ੍ਰੋਗਰਾਮ ਰੱਖਿਆ ਕਿਉਂ ਕੇ ਜੱਸੀ ਨੇ ਪਿੰਡ ਨੂੰ ਇਕ ਵੱਖਰੀ ਪਛਾਣ ਦਿੱਤੀ ਸੀ ਜਿਸ ਪਿੰਡ ਨੂੰ ਕੋਈ ਜਾਣਦਾ ਵੀ ਨਹੀਂ ਸੀ ਉਸ ਨਿੱਕੇ ਜਿਹੇ ਪੱਛੜੇ ਸਮਝੇ ਜਾਣ ਵਾਲੇ ਪਿੰਡ ਨੂੰ ਹੁਣ ਲੋਕ ਜਾਨਣ ਲੱਗੇ ਸੀ।

ਜੱਸੀ ਕਿਵੇਂ ਗਰੀਬੀ ਵਿਚੋ ਮੁਸ਼ਕਿਲਾਂ ਵਿਚੋ ਨਿਕਲ  ਕੇ ਮਿਹਨਤ ਨਾਲ ਆਪਣੇ ਮੁਕਾਮ ਤੇ ਪਹੁੰਚਿਆ ਇਹੋ ਜਿਹਾ ਜ਼ਜ਼ਬਾ ਪਿੰਡ ਵਾਲੇ ਬਾਕੀ ਬੱਚਿਆ ਵਿਚ ਵੀ ਭਰਨਾ ਚਾਹੁੰਦੇ ਸੀ। ਜੱਸੀ ਨੇ ਪਿੰਡ ਦੇ ਬੱਚਿਆ ਨੂੰ ਬਹੁਤ ਵਧੀਆ ਸਪੀਚ ਦਿੱਤੀ ਤੇ ਬੱਚਿਆ ਨੂੰ ਮਿਹਨਤ ਕਰਕੇ ਕੁਝ ਬਣਨ ਲਈ ਪ੍ਰੇਰਿਤ ਕੀਤਾ। ਤੇ ਪਿੰਡ ਦਾ ਹੋਰ ਵੀ ਨਾਮ ਰੌਸ਼ਨ ਕਰਨ ਲਈ ਕਿਹਾ।

ਪਿੰਡ ਵਾਲਿਆਂ ਵੱਲੋਂ ਜੱਸੀ ਦਾ ਬਹੁਤ ਮਾਣ ਸਨਮਾਨ ਕੀਤਾ ਗਿਆ। ਹੁਣ ਜੱਸੀ ਨੂੰ ਜੱਸੀ ਡੈਡੀ ਦੇ ਨਾਮ ਨਾਲ ਨਹੀਂ ਬਲਕਿ ਜੱਸੀ ਦੇ ਡੈਡੀ ਨੂੰ ਜੱਸੀ ਦੇ ਨਾਮ ਨਾਲ ਸਾਰੇ ਜਾਨਣ ਲੱਗੇ।

ਮਾਣ ਸਨਮਾਨ ਵਾਲਾ ਸਿਲਸਿਲਾ ਲਗਾਤਾਰ ਚੱਲਦਾ ਰਿਹਾ। ਜੱਸੀ ਨੂੰ ਕਿਸੇ ਹੋਰ ਵੀ ਵੱਡੇ ਫੰਕਸ਼ਨ ਤੇ as a chief guest ਬੁਲਾਇਆ ਗਿਆ ਉੱਥੇ ਸਟੇਜ ਤੇ ਬੈਠੇ ਜੱਸੀ ਦੇ ਨਾਲ ਵਾਲੇ ਇਕ ਮੈਡਮ ਨੇ ਜੱਸੀ ਨੂੰ ਕਿਹਾ...." ਮੈਂ ਤੁਹਾਨੂੰ ਕਿਤੇ ਦੇਖਿਆ ਲਗਦਾ "....ਜੱਸੀ ਨੇ ਉੱਠ ਕੇ ਮੈਡਮ ਦੇ ਪੈਰੀ ਹੱਥ ਲਗਾਇਆ ਤੇ ਕਿਹਾ....ਮੈਂ ਜਸਪ੍ਰੀਤ ਤੁਹਾਡੇ ਕੋਲ law ਦੀ ਪੜਾਈ ਕਰਦਾ ਸੀ ਚੰਡੀਗੜ੍ਹ ਕਾਲੇਜ ਵਿਚ।

ਥੋੜਾ ਕੇ ਦਿਮਾਗ ਤੇ ਜ਼ੋਰ ਦੇਣ ਤੋਂ ਬਾਅਦ ਮੈਡਮ ਨੂੰ ਯਾਦ ਆ ਗਿਆ ਜਸਪ੍ਰੀਤ ਬਾਰੇ। ਪਰ ਤੁਸੀ ਇੱਥੇ ਕਿਵੇਂ....? ਕੀ ਕਰਦੇ ਹੋ ਅੱਜ ਕੱਲ...??? ਮੈਡਮ ਨੇ ਹੈਰਾਨ ਹੁੰਦੇ ਹੋਏ ਪੁੱਛਿਆ।

ਜੀ ਮੈਂ ਅੱਜ ਕੱਲ ਵਕਾਲਤ ਕਰ ਰਿਹਾ ਹਾਂ, ਅੱਜ ਇਸ ਪ੍ਰੋਗਰਾਮ ਵਿਚ ਮੈਂ as a chief guest invited ਹਾਂ , ਜੱਸੀ ਨੇ ਬਹੁਤ ਖੁਸ਼ੀ ਖੁਸ਼ੀ ਮੈਡਮ ਨੂੰ ਦੱਸਿਆ।

ਮੈਡਮ ਦੇ ਹੋਵੇ ਹੋਸ਼ ਜਿਹੇ ਉੱਡ ਗਏ ਜੱਸੀ ਦੇ ਮੂੰਹੋ ਇਹ ਗੱਲ ਸੁਣ ਕੇ, ਮੈਡਮ ਨੇ ਫਿਰ ਪੁੱਛਿਆ ....ਕਿਹੜੇ ਕੇਸ ਲੜ੍ਹ ਦੇ ਹੋ , ਕਿਵੇਂ ਚੱਲ

ਰਹੀ ਹੈ ਪ੍ਰੈਕਟਿਸ...?

ਜੱਸੀ ....ਹਾਂਜੀ ! ਬਹੁਤ ਵਧੀਆ ਚੱਲ ਰਹੀ ਹੈ ਪ੍ਰੈਕਟਿਸ ਮੇਰੀ, ਮੈਂ criminal lawyer ਹਾਂ ਕ੍ਰਿਮਿਨਲ ਕੇਸ ਹੀ ਕਰਦਾ ਹਾਂ ਮੈਂ, ਹਾਈ ਕੋਰਟ ਵਿੱਚ।

ਜੱਸੀ ਦੇ ਕੋਲੋ ਹਾਈ ਕੋਰਟ, criminal lawyer , ਤੇ ਕ੍ਰਿਮਿਨਲ ਕੇਸ ਸੁਣ ਕੇ ਮੈਡਮ ਹੱਕੀ ਬੱਕੀ ਰਹਿ ਗਈ, ਬਹੁਤ ਜ਼ੋਰ ਲਗਾਇਆ ਸੀ ਮੈਡਮ ਨੇ ਜੱਸੀ ਨੂੰ ਅੱਧ ਵਿਚਕਾਰ ਪੜ੍ਹਾਈ ਸ਼ੁੜਵਾਉਂ ਤੇ। ਬਹੁਤ ਭੇਦਭਾਵ ਕੀਤਾ ਸੀ ਜੱਸੀ ਨਾਲ।

ਕਿਸ ਦਾ ਕੇਸ ਲੜ ਰਹੇ ਹੋ ਫਿਰ ...??? ਮੈਡਮ ਨੇ ਇਕ ਹੋਰ ਸਵਾਲ ਪੁੱਛ ਲਿਆ।

ਜੱਸੀ ਨੇ ਕਿਸੇ ਨਾਮੀ ਗੈਂਗਸਟਰ ਦਾ ਨਾਮ ਦੱਸਦੇ ਹੋਏ ਕਿਹਾ ਜੀ ਅੱਜ ਕੱਲ ਤਾਂ ਇਸ ਦਾ ਹੀ  ਲੜ ਰਿਹਾ ਹਾਂ।

ਉਹ ਅੱਛਾ ! ਤੁਸੀ ਇੱਥੇ ਤੱਕ ਕਿਵੇਂ ਪਹੁੰਚ ਗਏ ਐਨੇ ਵੱਡੇ ਵੱਡੇ ਕੇਸ ਮਿਲਣ ਲੱਗ ਗਏ , ਮੈਡਮ ਤੋਂ ਜਿਵੇਂ ਬਰਦਾਸ਼ਤ ਹੀ ਨਹੀਂ ਹੋ ਰਹੀ ਸੀ ਜੱਸੀ ਦੀ ਤਰੱਕੀ, ਬਸ ਸਵਾਲ ਤੇ ਸਵਾਲ ਹੀ ਆ ਰਹੇ ਸੀ ਜਿਵੇਂ ਵਕੀਲ ਜੱਸੀ ਨਹੀਂ ਮੈਡਮ ਹੋਵੇ।

ਜੱਸੀ ਨੇ ਮੁਸਕਰਾਉਂਦੇ ਹੋਏ ਬੜੇ ਮਾਣ ਨਾਲ ਕਿਹਾ, " ਇਹ ਸਭ ਤੁਹਾਡੀ ਬਦੌਲਤ ਹੀ ਹੈ ਮੈਡਮ ਜੀ, ਕਿ ਮੈਂ ਆਪਣੀ ਮੰਜਿਲ ਤੇ ਪਹੁੰਚ ਗਿਆ। ਤੇ ਅੱਜ ਇੱਥੇ ਖੜਾ ਹਾਂ।

ਜੱਸੀ ਦੀ ਇਹ ਗੱਲ ਸੁਣ ਮੈਡਮ ਆਪਣੀ ਸੀਟ ਤੇ ਬੈਠ ਗਈ। ਸ਼ਾਇਦ ਅੱਜ ਆਪਣੀਆਂ ਕੀਤੀਆਂ ਤੇ ਸ਼ਰਮ ਮਹਿਸੂਸ ਹੁੰਦੀ ਹੋਵੇਗੀ।

ਜੱਸੀ ਨੂੰ ਉਹ ਸਭ ਯਾਦ ਆ ਰਿਹਾ ਸੀ ਜੋ ਜੋ ਵੀ ਜੱਸੀ ਨੇ ਆਪਣੇ ਪੜ੍ਹਾਈ ਦੇ ਦਿਨਾਂ ਵਿੱਚ ਸਹਿਣ ਕੀਤਾ ਸੀ, ਕਿਵੇਂ ਇਹ ਮੈਡਮ ਜੱਸੀ ਨੂੰ ਕਲਾਸ ਵਿਚੋ ਬਾਹਰ ਕੱਢ ਦਿੰਦੀ ਸੀ english ਨਾ ਆਉਣ ਤੇ, ਯੂਨੀਫ਼ਾਰਮ ਨਾ ਹੋਣ ਤੇ ਕਿਤਾਬਾਂ ਨਾ ਹੋਣ ਕਰਕੇ, ਕਦੇ ਜਾਤ - ਪਾਤ ਦਾ ਫ਼ਰਕ ਕਰਕੇ ਜੱਸੀ ਨੂੰ ਸਾਰੀ ਕਲਾਸ ਵਿੱਚ ਸ਼ਰਮਿੰਦਾ ਕੀਤਾ ਜਾਂਦਾ ਸੀ।

ਅੱਜ ਉਹੀ ਜੱਸੀ ਉਸ ਦੇ ਬਰਾਬਰ ਬੈਠਾ ਸੀ, ਸੂਟ ਬੂਟ ਵਿਚ, ਸਟੇਜ ਤੇ ਸਪੀਚ ਦੇ ਰਿਹਾ ਸੀ ਇੰਗਲਿਸ਼ ਵਿਚ। ਉਹੀ ਜੱਸੀ ਸਭ ਦੇ ਸਾਹਮਣੇ ਆਪਣੀ ਮੈਡਮ ਦਾ ਧੰਨਵਾਦ ਕਰ ਰਿਹਾ ਸੀ ਕੇ ਉਹ ਅੱਜ ਜੋ ਵੀ ਹੈ ਆਪਣੇ ਮੈਡਮ ਹੋਣਾ ਦੇ ਕਰਕੇ ਹੀ ਹੈ, ਅੱਜ ਇੱਥੇ ਖੜਾ ਹੈ ਤਾਂ ਉਹਨਾਂ ਦੀ ਬਦੌਲਤ ।

ਜੱਸੀ ਦੀਆਂ ਇਹ ਗੱਲ ਸੁਣ ਮੈਡਮ ਦੀਆਂ ਨਜ਼ਰਾਂ ਝੁੱਕ ਗਈਆਂ।

ਜੱਸੀ ਦੀ ਮਿਹਨਤ ਨੇ ਮੈਡਮ ਨੂੰ ਵੀ ਮੂੰਹ ਤੋੜ ਜਵਾਬ ਦੇ ਦਿੱਤਾ, ਸਮਾਂ ਘੁੰਮਦਾ ਹੈ ਬਦਲ ਕੇ ਜਰੂਰ ਆਉਂਦਾ ਹੈ, ਜਿੱਥੇ ਮੈਡਮ ਨੇ ਜੱਸੀ ਨੂੰ ਨੀਵਾਂ ਵਿਖਾਉਣ ਚ ਜ਼ੋਰ ਲਗਾਇਆ ਸੀ, ਉਥੇ ਹੀ ਰੱਬ ਨੇ ਜੱਸੀ ਨੂੰ ਬਰਾਬਰ ਬਿੱਠਾ ਦਿੱਤਾ ।

✿✿✿✿✿✿

# ਭਾਗ - 19

ਜ਼ਿੰਦਗੀ ਵਿਚ ਕੁਝ ਫੈਸਲੇ ਅਕਸਰ ਪਛਤਾਵੇ ਦਾ ਕਾਰਨ ਬਣ ਕੇ ਰਹਿ ਜਾਂਦੇ ਨੇ, ਇਹ ਗੱਲ ਕੁਝ ਉਹਨਾਂ ਲੋਕਂ ਤੇ ਢੁੱਕਦੀ ਹੈ ਜਿਹੜੇ ਜੱਸੀ ਦਾ ਮਾੜਾ ਟਾਈਮ ਦੇਖ ਜੱਸੀ ਨੂੰ ਕੱਖ ਸਮਝ ਬੈਠੇ ਸੀ।

ਜੱਸੀ ਦਾ ਚੰਗਾ ਸਮਾਂ ਤੇਜ਼ ਰਫ਼ਤਾਰ ਨਾਲ ਚੱਲ ਰਿਹਾ ਸੀ । ਜੱਸੀ ਦੀ ਪ੍ਰੈਕਟਿਸ ਵੀ ਬਹੁਤ ਵਧੀਆ ਚੱਲ ਰਹੀ ਸੀ । ਜੱਸੀ ਦੇ ਨਾਲ ਜਿੰਨੇ ਵੀ ਪੜ੍ਹ ਰਹੇ ਸੀ ਕੋਈ ਬਾਹਰ ਚੱਲ ਗਿਆ, ਕੋਈ ਇੱਧਰ ਹੀ ਆਪਣੇ ਬਾਪੂ ਦਾ ਕਾਰੋਵਾਰ ਸੰਭਾਲਣ ਲੱਗਾ, ਤੇ ਕੋਈ ਸੀਨੀਅਰ ਵਕੀਲਾਂ ਅੱਗੇ ਯੂਨੀਅਰ ਬਣ ਤਨਖਾਹਾਂ ਤੇ ਕੰਮ ਕਰਨ ਲੱਗੇ ਸੀ।

ਬਸ ਇਕ ਜੱਸੀ ਹੀ ਸੀ ਜਿਸ ਨੂੰ ਐਨਾ ਕੰਮ ਮਿਲ ਰਿਹਾ ਸੀ। ਜੱਸੀ ਕੋਲ ਐਨਾ ਕੰਮ ਆਉਂਦਾ ਸੀ ਉਹ ਆਪਣੇ ਦੋਸਤਾਂ ਨੂੰ ਵੀ ਕੰਮ ਦਿੰਦਾ ਸੀ। ਜੱਸੀ ਦਿਨ ਰਾਤ ਆਪਣੇ ਕੰਮ ਨੂੰ ਪੂਰੀ ਮਿਹਨਤ ਤੇ ਮਨ ਲਗਾ ਕੇ ਕਰਦਾ। ਆਪਣੇ ਜਿਲ੍ਹੇ ਵਿਚ ਜੱਸੀ ਦਾ ਕਾਫੀ ਨਾਮ ਹੋ ਗਿਆ । ਮਸ਼ਹੂਰ ਵਕੀਲਾਂ ਵਿਚ ਜੱਸੀ ਦਾ ਨਾਮ ਆਉਣ ਲੱਗਿਆ।

ਜੱਸੀ ਆਏ ਦਿਨ ਫੰਕਸ਼ਨਾਂ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੁੰਦਾ ਰਹਿੰਦਾ। ਇੱਕ ਦਿਨ ਜੱਸੀ ਨੂੰ ਇੱਕ ਪਿੰਡ ਵਿੱਚ ਕਿਸੇ ਫੰਕਸ਼ਨ ਵਿਚ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ ਸੀ। ਜਿੱਥੇ ਜੱਸੀ ਨੇ ਬਹੁਤ

ਵਧੀਆਂ ਤਰ੍ਹਾ ਬੱਚਿਆ ਨੂੰ ਅੱਗੇ ਪੜ੍ਹ ਕੇ ਕੁਝ ਬਣਨ ਲਈ ਪ੍ਰੇਰਿਤ ਕੀਤਾ। ਤੇ ਕੁਝ ਆਪਣੀ ਹੱਡਬੀਤੀ ਸੁਣਾਈ ਕੇ ਕਿਵੇਂ ਉਹ ਇਸ ਮੁਕਾਮ ਤੱਕ ਪਹੁੰਚਿਆ।

ਜੱਸੀ ਦੀਆਂ ਇਹ ਸਾਰੀਆਂ ਗੱਲਾਂ ਬੈਠਾ ਇਕ ਬਜੁਰਗ ਬੜੇ ਧਿਆਨ ਨਾਲ ਸੁਣ ਰਿਹਾ ਸੀ। ਜਦੋਂ ਸਾਰਾ ਪ੍ਰੋਗਰਾਮ ਖਤਮ ਹੋਇਆ ਤਾਂ ਜੱਸੀ ਜਾਣ ਲੱਗਿਆ ਤਾਂ ਉਸ ਬਜੁਰਗ ਨੇ ਕਿਹਾ ਘਰ ਚਲਦੇ ਹਾਂ ਇੱਕ ਕੱਪ ਚਾਹ ਦਾ ਪੀ ਆਉਣਾ।
ਜੱਸੀ ਨੇ ਦੇਖਿਆ ਤਾਂ ਉਹ ਬਜੁਰਗ ਸੋਨੀਆ ਦਾ ਡੈਡੀ ਸੀ। ਜੱਸੀ ਨੇ ਦੋਵੇਂ ਹੱਥ ਜੋੜ ਕੇ ਉਹਨਾਂ ਨੂੰ ਕਿਹਾ.... ਚਾਹ ਪੀਣੀ ਸੀ ਜਰੂਰ ਪਰ ਕਿਸੇ ਰਿਸ਼ਤੇ ਨਾਲ ਹੁਣ ਨਹੀਂ। ਐਨਾ ਕਹਿ ਜੱਸੀ ਚਲੇ ਗਏ।

ਸ਼ਾਇਦ ਅੱਜ ਸੋਨੀਆ ਦੇ ਡੈਡੀ ਨੂੰ ਵੀ ਆਪਣੇ ਫੈਸਲੇ ਤੇ ਪਛਤਾਵਾ ਜਰੂਰ ਹੁੰਦਾ ਹੋਣਾ। ਕਾਸ਼ ਮੈਂ ਉਸ ਦਿਨ ਸਿਰਫ ਇੱਕ ਕਮਰਾ ਨਾ ਦੇਖਿਆ ਹੁੰਦਾ ਬਲਕਿ ਜੱਸੀ ਮਿਹਨਤ ਦੇਖੀ ਹੁੰਦੀ ਤਾਂ ਇਹ ਹੋਣਹਾਰ ਵਕੀਲ ਹੁਣ ਉਹਨਾਂ ਦਾ ਜਵਾਈ ਹੁੰਦਾ ।
ਕੁਝ ਦਿਨ ਬੀਤੇ ਜੱਸੀ ਨੂੰ ਇਕ ਬਾਹਰਲੇ ਨੰਬਰ ਤੋਂ ਫੋਨ ਆਇਆ।

" ਕਿਵੇਂ ਹੋ ਵਕੀਲ ਸਾਬ"

ਫੋਨ ਤੇ ਇੱਕ ਕੁੜੀ ਨੇ ਬੜੀ ਪਿਆਰੀ ਜਿਹੀ ਆਵਾਜ਼ ਵਿੱਚ ਪੁੱਛਿਆ।

ਜੀ ਮੈਂ ਬਿਲਕੁਲ ਠੀਕ ਹਾਂ , ਤੁਸੀ ਸੁਣਾਓ ਜੱਸੀ ਨੇ ਸੋਨੀਆ ਦੀ ਆਵਾਜ਼ ਪਹਿਚਾਣਦੇ ਹੋਏ ਕਿਹਾ।

ਪਹਿਚਾਣ ਲਿਆ ਤੁਸੀ ਮੈਨੂੰ....???, ਸੋਨੀਆ ਗੱਲ ਅੱਗੇ ਕਰਦੀ ਨੇ ਪੁੱਛਿਆ...!

ਹਾਂਜੀ !
ਮੈਨੂੰ ਪਤਾ ਨਹੀਂ ਸੀ ਤੁਸੀ ਇੱਕ ਦਿਨ ਐਨੇ ਕਾਮਯਾਬ ਹੋ ਜਾਣਾ , ਐਨਾ ਨਾਮ ਹੋ ਜਾਣਾ ਤੁਹਾਡਾ। ਸੋਨੀਆ ਨੇ ਥੋੜਾ ਉਦਾਸ ਜਿਹੀ ਆਵਾਜ਼ ਵਿਚ ਕਿਹਾ।

ਜੱਸੀ ਨੇ ਥੋੜਾ ਮੁਸਕਰਾਉਂਦੇ ਹੋਏ ਹਮਮ....! ਮੈਨੂੰ ਵੀ ਨਹੀਂ ਪਤਾ ਸੀ। ਪਰ ਉਹ ਵਾਹਿਗੁਰੂ ਹੀ ਆ ਸਭ ਕਰਨ ਵਾਲਾ ।

ਚਲੋ ਠੀਕ ਹੈ ਮੈਂ busy ਹਾਂ ਖੁਸ਼ ਰਹੋ, ਐਨਾ ਕਹਿ ਜੱਸੀ ਨੇ ਫੋਨ ਕੱਟ ਦਿੱਤਾ ।
ਸ਼ਾਇਦ ਜੱਸੀ ਹੁਣ ਅਤੀਤ ਬਾਰੇ ਕੁਝ ਵੀ ਸੋਚਣਾ ਨਹੀਂ ਚਾਹੁੰਦਾ ਸੀ। ਕੌਣ ਕਿੱਥੇ ਛੱਡ ਗਿਆ , ਕਿਹੜੇ ਸੀ ਹਾਲਾਤ ਦੇਖ ਛੱਡ ਗਿਆ । ਹੁਣ ਉਹਨਾਂ ਬਾਰੇ ਕੀ ਸੋਚਣਾ ।

ਕਿਉਂ ਕਿ ਜੱਸੀ ਦੀ ਜ਼ਿੰਦਗੀ ਹੁਣ ਬਹੁਤ ਸੋਹਣੀ ਚਾਲੇ ਪੈ ਚੁੱਕੀ ਸੀ, ਫਿਰ ਤੋਂ ਬੀਤੇ ਕੱਲ੍ਹ ਨੂੰ ਚੇਤੇ ਕਰਦਾ ਤਾਂ ਸ਼ਾਇਦ ਉਹ ਫਿਰ ਟੁੱਟਣ

ਲੱਗ ਜਾਂਦਾ। ਪਰ ਜੱਸੀ ਨੂੰ ਹੁਣ ਜ਼ਿੰਦਗੀ ਦੀ ਸਮਝ ਆ ਗਈ ਸੀ । ਹੁਣ ਉਹ ਪਿੱਛੇ ਮੁੜਕੇ ਦੇਖਣਾ ਨਹੀਂ ਚਾਹੁੰਦਾ ਸੀ। ਪਰ ਉਹ ਮਾੜਾ ਵੀ ਨਹੀਂ ਕਹਿਣਾ ਚਾਹੁੰਦਾ ਸੀ ਕਿਸੇ ਨੂੰ ਕਿਉਂ ਕੇ ਉਸਨੂੰ ਲਗਦਾ ਸੀ ਰੱਬ ਜੋ ਕਰਦਾ ਚੰਗੇ ਲਈ ਕਰਦਾ।

✿✿✿✿✿✿

# ਭਾਗ 20

ਅਕਸਰ ਸਿਆਣੇ ਕਹਿੰਦੇ ਨੇ ਵੀ ਸਬਰ ਦਾ ਫ਼ਲ਼ ਮਿੱਠਾ ਹੁੰਦਾ, ਪਰ ਸਬਰ ਕਰਨਾ ਐਨਾ ਸੋਖਾ ਨਹੀਂ ਹੁੰਦਾ, ਜੱਸੀ ਦੀ ਮੰਮੀ ਨੇ ਬਹੁਤ ਸਬਰ ਕੀਤਾ ਆਪਣੀ ਜ਼ਿੰਦਗੀ ਵਿੱਚ, ਸ਼ਰੀਕੇ ਦੀਆਂ ਗੱਲਾਂ ਸੁਣ ਕੇ ਸਬਰ ਕਰਕੇ ਸਭ ਕੁਝ ਰੱਬ ਤੇ ਛੱਡੀ ਬੈਠੀ ਉਹ ਭੋਲੀ ਭਾਲੀ ਜਿਹੀ ਰੱਬੀ ਰੂਹ ਨੂੰ ਅਖੀਰ ਸਬਰ ਦਾ ਫ਼ਲ਼ ਸੱਚੀ  ਬਹੁਤ ਮਿੱਠਾ ਮਿਲਿਆ।

ਔਲਾਦ ਦਾ ਚੰਗਾ ਨਿਕਲਣਾ ਮਿੱਠਾ ਫ਼ਲ ਹੀ ਹੁੰਦਾ ਹੈ, ਉਹ ਵੀ ਉਸ ਵੇਲੇ ਜਦੋਂ ਸਾਰੀ ਜਵਾਨੀ ਗਰੀਬੀ ਵਿਚ ਨਿਕਲੀ ਹੋਵੇ ਇਸ ਆਸ ਤੇ ਕੇ ਇਕ ਦਿਨ ਬੱਚੇ ਵੱਡੇ ਹੋਣਗੇ ਤਾਂ ਸਭ ਠੀਕ ਕਰ ਲੈਣਗੇ।

ਜੱਸੀ ਵੀ ਉਹਨਾ ਬੱਚਿਆਂ ਵਰਗਾ ਨਿਕਲ਼ਿਆ ਜਿਹੜੇ ਆਪਣੇ ਮਾਂ ਬਾਪ ਨੂੰ ਖੁਸ਼ੀਆਂ ਦੇ ਕੇ ਬੀਤੇ ਕੱਲ੍ਹ ਦੇ ਜਖਮਾਂ ਤੇ ਮਲਮ ਪੱਟੀ ਦਾ ਕੰਮ ਕਰਦੇ ਨੇ।

ਜੱਸੀ ਦੀ ਮੰਮੀ ਨੇ ਆਪਣੀਆਂ ਸੋਨੇ ਦੀਆਂ ਬਾਲੀਆਂ ਵੇਚ ਦਿੱਤੀਆਂ ਸੀ ਤਾਂ ਕੇ ਉਸਦਾ ਪੁੱਤ ਵੱਡੀ ਪੜ੍ਹਾਈ ਕਰਕੇ ਇੱਕ ਆਪਣੀ ਤੇ ਆਪਣੇ ਭਰਾ ਦੀ ਜ਼ਿੰਦਗੀ ਵਧੀਆ ਬਣਾ ਸਕੇ।

ਬੱਚੇ ਸਾਰੀ ਜ਼ਿੰਦਗੀ ਆਪਣੇ ਮਾਪਿਆਂ ਦਾ ਦੇਣ ਨਹੀ ਦੇ ਸਕਦੇ ਹੁੰਦੇ, ਪਰ ਜੱਸੀ ਪੂਰੀ ਕੋਸ਼ਿਸ਼ ਕਰਦਾ ਕੇ ਉਹ ਆਪਣੇ ਮਾਂ ਬਾਪ ਨੂੰ ਉਹ ਸਭ ਤਾਂ ਦੇ ਸਕੇ ਜਿੰਨਾ ਕੇ ਉਹ ਦੇ ਸਕਦਾ ਸੀ ।

ਜੱਸੀ ਦੀ ਮੰਮੀ ਨੇ ਬਾਲੀਆਂ ਵੇਚੀਆਂ ਸੀ ਜੱਸੀ ਦੀ ਪੜਾਈ ਲਈ, ਜੱਸੀ ਨੂੰ ਸਭ ਯਾਦ ਸੀ, ਇੱਕ ਦਿਨ ਜੱਸੀ ਆਪਣੀ ਮੰਮੀ ਲਈ ਸੋਨੇ ਦੀਆਂ ਬਾਲੀਆਂ ਬਣਵਾ ਕੇ ਲੈਕੇ ਆਇਆ ।

ਛੋਟੀਆਂ ਛੋਟੀਆਂ ਖੁਸ਼ੀਆਂ ਉਹ ਸਾਰੀਆਂ ਆਪਣੇ ਘਰਦਿਆਂ ਨੂੰ ਦੇਣ ਲੱਗਾ ਜਿਹੜੀਆ ਕਦੀ ਗਰੀਬੀ ਕਰਕੇ ਖੋ ਗਈਆਂ ਸੀ।

ਇੱਕ ਹੀ ਮਕਾਨ ਸੀ ਜੱਸੀ ਕਾ ਜਿਹੜਾ ਮੀਂਹ ਆਏ ਤੇ ਚੋਣ ਲੱਗ ਜਾਂਦਾ ਸੀ, ਤੇ ਨੀਵਾਂ ਹੋਣ ਕਰਕੇ ਕਮਰੇ ਵਿਚ ਪਾਣੀ ਭਰ ਜਾਂਦਾ ਸੀ। ਵਧੀਆ ਘਰ ਨਾ ਹੋਣ ਕਰਕੇ ਜੱਸੀ ਦਾ ਪਿਆਰ ਵੀ ਅੱਧ ਵਿਚਾਲੇ ਛੱਡ ਗਿਆ ਸੀ।

ਹੌਲੀ ਹੌਲੀ ਜੱਸੀ ਨੇ ਨਵਾਂ ਘਰ ਬਣਾਉਣਾ ਸ਼ੁਰੂ ਕਰ ਦਿੱਤਾ, ਇੱਕ ਮਕਾਨ ਤੋਂ ਡਬਲ ਸਟੋਰੀ ਘਰ ਵੀ ਬਣ ਗਿਆ। ਆਪਣੇ ਚਾਚੇ ਤਾਇਆਂ ਦੇ ਘਰਾਂ ਨਾਲੋ ਉੱਚਾ ਵੀ ਤੇ ਵੱਡਾ ਘਰ ਬਣਾ ਲਿਆ। ਆਪਣੇ ਮਾਂ - ਬਾਪ ਨੂੰ , ਦਾਦਾ - ਦਾਦੀ ,ਭਰਾ ਦੀ ਹਰ ਲੋੜ ਹਰ ਖੁਸ਼ੀ ਪੂਰੀ ਕਰਨ ਲੱਗਾ।

ਜੱਸੀ ਤੇ ਜੱਸੀ ਦੇ ਪਰਿਵਾਰ ਨੇ ਹਿੰਮਤ ਨਹੀਂ ਛੱਡੀ ਸਬਰ ਰੱਖਿਆ, ਰੱਬ ਤੇ ਯਕੀਨ ਰੱਖਿਆ , ਮਿਹਨਤ ਨਹੀਂ ਛੱਡੀ, ਰੱਬ ਨੇ ਮਿਹਨਤ ਦਾ ਮੁੱਲ ਪਾਇਆ । ਕਦੇ ਉਸਦੀ ਹਿੰਮਤ ਜਵਾਬ ਦੇਣ ਲਗਦੀ ਤਾਂ ਉਹ ਫ਼ਤਹਿਗੜ੍ਹ ਸਾਹਿਬ ਜਾ ਆਉਂਦਾ, ਛੋਟੇ ਸਾਹਿਬਜ਼ਾਦਿਆਂ ਤੋਂ ਹਿੰਮਤ ਲੈ ਆਉਂਦਾ।

ਹੁਣ ਵੀ ਕਦੇ ਜੱਸੀ ਨੂੰ ਲੱਗੇ ਉਹ ਜ਼ਿੰਦਗੀ ਵਿਚ ਡੋਲ ਰਿਹਾ ਹੈ ਤਾਂ ਉਹ ਮੱਥਾ ਟੇਕਣ ਫ਼ਤਹਿਗੜ੍ਹ ਸਾਹਿਬ ਚਲੇ ਜਾਂਦਾ।

ਹੁਣ ਜੱਸੀ ਐਨਾ ਕੇ ਕਮਾ ਲੈਂਦਾ ਸੀ ਕਿ ਜੱਸੀ ਕਿਸੇ ਵੀ ਲੋੜਮੰਦ ਦੀ ਮਦਦ ਕਰ ਦਿੰਦਾ, ਜੱਸੀ ਪੜ੍ਹਨ ਵਾਲੇ ਬੱਚਿਆਂ ਦਾ ਬਹੁਤ ਸਾਥ ਦਿੰਦਾ ਸੀ । ਕੋਈ ਵੀ ਬੇਝਿਜਕ ਹੋ ਕੇ ਜੱਸੀ ਕੋਲ ਮਦਦ ਲਈ ਆਉਂਦਾ ਤਾਂ ਜੱਸੀ ਉਸਦੀ ਮਦਦ ਜਰੂਰ ਕਰਦਾ।

ਜੱਸੀ ਨੇ ਲੋੜਮੰਦ ਤਿੰਨ ਕੁੜੀਆਂ ਨੂੰ ਖੁਦ ਕੋਲੋ ਵਕਾਲਤ ਦੀ ਪੜਾਈ ਕਰਵਾਈ। ਹੋਰ ਵੀ ਬਹੁਤ ਸਾਰੇ ਪੜ੍ਹਨ ਵਾਲੇ ਬੱਚਿਆਂ ਨੂੰ ਜੱਸੀ ਅਕਸਰ ਸਕੂਲਾਂ ਵਿਚ ਕਿਤਾਬਾਂ ਕਾਪੀਆਂ ਮੁੱਹਈਆ ਕਰਵਾ ਦਿੰਦਾ।

ਕੋਰਟ ਆਉਂਦੇ ਜਾਂਦੇ ਜੱਸੀ ਅਕਸਰ ਕੋਰਟ ਦੇ ਅੱਗੇ ਇੱਕ ਮੁੰਡੇ ਨੂੰ ਦੇਖਦਾ ਸੀ ਜਿਹੜਾ ਕੋਰਟ ਦੇ ਬਾਹਰ ਨਿੰਬੂ ਦੀ ਰੇਹੜੀ ਲਗਾਉਂਦਾ ਸੀ। ਇੱਕ ਦਿਨ ਜੱਸੀ ਨੇ ਉਸਨੂੰ ਪੁੱਛਿਆ ਤੂੰ ਕਿੰਨਾ ਪੜ੍ਹਿਆ....?

ਮੁੰਡੇ ਨੇ ਕਿਹਾ ਜੀ 12ਵੀ ਕਲਾਸ ਤੱਕ। ਅੱਗੇ ਕਿਉਂ ਨਹੀਂ ਪੜ੍ਹਿਆ...? ਜੱਸੀ ਵਜ੍ਹਾ ਪੁੱਛੀ।

ਮੁੰਡੇ ਨੇ ਦੱਸਿਆ ਘਰਦੇ ਹਾਲਾਤ ਕੁਝ ਠੀਕ ਨਹੀਂ ਸੀ ਪੜਾਈ ਵਿਚ ਹੀ ਛੱਡਣੇ ਪਈ।
ਮੁੰਡੇ ਦੀ ਗੱਲ ਸੁਣ ਜੱਸੀ ਨੂੰ ਆਪਣੇ ਪੁਰਾਣੇ ਹਾਲਾਤ ਯਾਦ ਆ ਗਏ। ਜੱਸੀ ਨੇ ਆਪਣੇ ਸੀਨੀਅਰ ਵਕੀਲ ਤੇ ਦੋਸਤ ਮਨਰਾਜ ਨਾਲ ਇਸ ਬਾਰੇ ਗੱਲ ਕੀਤੀ।
ਜੱਸੀ ਨੇ ਉਸ ਮੁੰਡੇ ਨੂੰ ਅੱਗੇ ਪੜ੍ਹਨ ਲਈ ਕਿਹਾ।

ਜੱਸੀ ਤੇ ਮਨਰਾਜ ਨੇ ਉਸ ਮੁੰਡੇ ਦੀ ਪੜਾਈ ਦਾ ਸਾਰਾ ਖਰਚਾ ਕੀਤਾ, ਇੱਕ ਨਿੰਬੂ ਵੇਚਣ ਵਾਲੇ ਮੁੰਡੇ ਨੂੰ ਵੀ ਵਕਾਲਤ ਦੀ ਪੜਾਈ ਕਰਵਾ ਕੇ ਇੱਕ ਵਧੀਆ ਵਕੀਲ ਬਣਾਇਆ।

ਹੌਲੀ - ਹੌਲੀ ਜੱਸੀ ਆਪਣੇ ਪੈਰਾਂ ਤੇ ਖੜ ਹੋ ਗਿਆ, ਦਾਦੇ ਦਾਦੀ ਦੀਆਂ ਦੁਆਵਾਂ ਰੰਗ ਲਿਆਈਆਂ ਗੱਲ ਗੱਲ ਤੇ ਜੱਜ
ਬਣਨ ਦੀ ਅਸੀਸ ਦਿੰਦਾ ਦਾਦਾ ਆਪਣੇ ਪੋਤੇ ਨੂੰ ਸੱਚੀ ਵਿਚ ਵਕੀਲ ਬਣਿਆ ਦੇਖ ਰੱਬ ਦਾ ਲੱਖਾਂ ਵਾਰ ਸ਼ੁਕਰਾਨਾ ਕਰਦਾ ਹੋਵੇਗਾ। ਆਪਣੇ ਦਾਦੇ ਦੇ ਬੋਲਾਂ ਤੇ ਵੀ ਜੱਸੀ ਨੇ ਮਿਹਨਤ ਕਰ ਫੁੱਲ ਚੜਾਏ। ਦਾਦੇ ਦੇ ਸਹਿ ਸੁਬਾਹ ਆਖੇ ਬੋਲ ਸੱਚ ਕਰ ਦਿੱਤੇ।

ਜੱਸੀ ਦੀ ਮੰਮੀ ਦੀ ਚੰਗੀ ਸੋਚ ਨੇ ਦੋਵਾਂ ਬੱਚਿਆਂ ਦੀ ਜ਼ਿੰਦਗੀ ਬਣਾ ਦਿੱਤੀ। ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿੱਤੀ,ਚੰਗੇ ਇਨਸਾਨ ਬਣਾਏ ਜਿਹੜੇ ਦੂਜੇ ਦੇ ਦੁੱਖ ਨੂੰ ਵੀ ਮਹਿਸੂਸ ਕਰਦੇ ਨਾ ਕੇ ਮਜ਼ਾਕ ਬਣਾਉਂਦੇ।

ਨਾ ਜੱਸੀ ਦੇ ਮਾਂ ਬਾਪ ਨੇ ਹਿੰਮਤ ਹਾਰੀ ਨਾ ਜੱਸੀ ਨੇ, ਨਹੀਂ ਕੁਝ ਵੀ ਨਾ ਕਰਨ ਵਾਲਿਆਂ ਕੋਲ ਬਹਾਨਿਆਂ ਦੀ ਥੋੜ ਨਹੀਂ ਹੁੰਦੀ। ਕੁਝ ਅਖੌਤਾਂ ਵੀ ਸੱਚ ਕਰ ਦਿਖਾਈਆਂ .....!

**ਜਾਗਣ ਜੋ ਰਾਤਾਂ ਕਾਲੀਆਂ**
**ਸੋਈ ਖਾਣ ਸੁਖਾਲੀਆਂ ...!**

**ਬੇਹਿੰਮਤੇ ਨੇ ਜਿਹੜੇ, ਬਹਿ ਕੇ**
**ਸ਼ਿਕਵਾ ਕਰਨ ਮੁਕੱਦਰਾਂ ਦਾ**
**ਉੱਗਣ ਵਾਲੇ ਉੱਗ ਪੈਂਦੇ ਨੇ,**
**ਸੀਨਾ ਪਾੜ ਕੇ ਪੱਥਰਾਂ ਦਾ...!**

## ☯☯☯ ਸਮਾਪਤ ☯☯☯

**ਵਿਸ਼ੇਸ਼ ਧੰਨਵਾਦ....!**
**ਐਡਵੋਕੇਟ ਜਸਪ੍ਰੀਤ ਜੱਸੀ**

# ਚੁਣਿੰਦੀਆਂ

ਰਜਵਿੰਦਰ ਕੌਰ



ਡਿਜੀਟਲ ਕਲਮਾਂ ਦਾਇ
ਪਬਲੀਕੇਸ਼ਨ

kaur_rajwinder104 rajwinderkaur53053@gmail.com